# Punjab Government Gazette

## EXTRAORDINARY

*Published by Authority*

CHANDIGARH, FRIDAY, SEPTEMBER 12, 2025
(BHADRA 21, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਅਧਿਆਪਕਾਂ ਦਾ ਵੇਤਨ ਸਕੇਲ ਐਕਟ, 2004 (2005 ਦਾ ਪੰਜਾਬ ਐਕਟ ਨੰ. 1) | ... 479-482 |
| | 2. ਪੰਜਾਬ ਧਰਾਤਲ ਹੇਠਲੇ ਪਾਣੀ ਦਾ ਪਰਿਰੱਖਣ ਐਕਟ, 2009 (2009 ਦਾ ਪੰਜਾਬ ਐਕਟ ਨੰ. 6) | ... 483-487 |
| | 3. ਪੰਜਾਬ ਸਿੱਖਿਅਕ ਸੰਸਥਾਵਾਂ (ਰੈਗਿੰਗ ਦੀ ਮਨਾਹੀ) ਐਕਟ, 2013 (2013 ਦਾ ਪੰਜਾਬ ਐਕਟ ਨੰ. 25) | ... 489-493 |
| | 4. ਪੰਜਾਬ ਕਰੱਸ਼ਰ ਯੂਨਿਟਾਂ ਅਤੇ ਸਟਾਕਿਸਟਾਂ ਅਤੇ ਫੁਟਕਲ ਵਿਕਰੇਤਿਆਂ ਦਾ ਵਿਨਿਯਮ ਐਕਟ, 2025 (2025 ਦਾ ਪੰਜਾਬ ਐਕਟ ਨੰ. 6) | ... 495-519 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

**ਭਾਗ–I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 12 ਸਤੰਬਰ, 2025

ਨੰ: 36/ਭ.ਕ./2025.– ਪੰਜਾਬ ਅਧਿਆਪਕਾਂ ਦਾ ਵੇਤਨ ਸਕੇਲ ਐਕਟ, 2004 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 12th September, 2025

**No. 36/L.C./2025.**- The Translation in Punjabi of the Punjab Pay Scale of Teachers Act, 2004 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਅਧਿਆਪਕਾਂ ਦਾ ਵੇਤਨ ਸਕੇਲ ਐਕਟ, 2004**

(2005 ਦਾ ਪੰਜਾਬ ਐਕਟ ਨੰ: 1)

1 ਜਨਵਰੀ, 1986 ਤੋਂ ਲੈ ਕੇ ਨਿਯਮਾਂ ਅਨੁਸਾਰ ਅਧਿਆਪਕਾਂ ਨੂੰ ਵੇਤਨ ਸਕੇਲ ਦੇਣ ਲਈ ਉਪਬੰਧ ਕਰਨ ਲਈ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਜਦੋਂ ਕਿ ਵਿੱਤ ਵਿਭਾਗ ਨੇ ਉਸ ਦੇ ਗਸ਼ਤੀ ਪੱਤਰ ਨੰ: 5058–ਐਫ.ਆਰ. II–57/5600 ਤਰੀਕ 23 ਜੁਲਾਈ, 1957 ਰਾਹੀਂ ਜਾਰੀ ਕੀਤੀਆਂ ਗਈਆਂ ਆਪਣੀਆਂ ਕਾਰਜਕਾਰੀ ਹਦਾਇਤਾਂ ਰਾਹੀਂ, ਸਰਕਾਰੀ ਸੇਵਕਾਂ ਦੇ ਵੇਤਨ ਸਕੇਲਾਂ ਨੂੰ ਸੋਧਦੇ ਸਮੇਂ, ਇਹ ਉਪਬੰਧਤ ਕੀਤਾ ਸੀ ਕਿ ਸਿੱਖਿਆ ਵਿਭਾਗ ਵਿੱਚ ਅਧਿਆਪਕਾਂ ਨੂੰ ਉਸ ਵਿੱਚ ਜ਼ਿਕਰ ਕੀਤੀਆਂ ਕਾਬਲੀਅਤਾਂ ਅਨੁਸਾਰ ਦੋ ਵਿਸਤ੍ਰਿਤ ਸ੍ਰੇਣੀਆਂ, ਅਰਥਾਤ, ਸ਼੍ਰੇਣੀ 'ਏ' ਅਤੇ ਸ਼੍ਰੇਣੀ 'ਬੀ' ਵਿੱਚ ਰੱਖਿਆ ਜਾਵੇਗਾ ਅਤੇ ਅੱਗੇ ਇਹ ਹੋਰ ਉਪਬੰਧ ਕੀਤਾ ਸੀ ਕਿ ਉਹਨਾਂ ਨੂੰ ਉਸ ਪੱਤਰ ਵਿੱਚ ਉਲਿਖਤ ਕੀਤੇ ਗਏ ਵੇਤਨ ਸਕੇਲ ਦਿੱਤੇ ਜਾਣਗੇ;

ਜਦੋਂ ਕਿ ਵਿੱਤ ਵਿਭਾਗ ਨੇ ਗਸ਼ਤੀ ਪੱਤਰ ਨੰ: 5058–ਐਫ.ਆਰ.II–57/ 5600 ਤਰੀਕ 23 ਜੁਲਾਈ, 1957 'ਤੇ ਆਪਣੀਆਂ ਹਦਾਇਤਾਂ ਨੰ: 9/9/79– ਐਫ.ਆਰ. (2)/143 ਤਰੀਕ 19 ਫਰਵਰੀ, 1979 ਰਾਹੀਂ ਮੁੜ ਵਿਚਾਰ ਕੀਤਾ ਅਤੇ ਫ਼ੈਸਲਾ ਕੀਤਾ ਕਿ ਕਾਬਲੀਅਤਾਂ ਦੇ ਆਧਾਰ 'ਤੇ ਉੱਚ ਵੇਤਨ ਸਕੇਲ ਦਾ ਲਾਭ ਸਿਰਫ਼ ਉਨ੍ਹਾਂ ਅਧਿਆਪਕਾਂ ਨੂੰ ਹੀ ਮਿਲੇਗਾ, ਜੋ 19 ਫਰਵਰੀ, 1979 ਤੱਕ ਨਿਯੁਕਤ ਕੀਤੇ

ਗਏ ਸਨ ਜਾਂ ਜਿਨ੍ਹਾਂ ਨੇ ਉਸ ਤਰੀਕ ਤੱਕ ਆਪਣੀ ਕਾਬਲੀਅਤਾਂ ਵਿੱਚ ਸੁਧਾਰ ਕੀਤਾ ਸੀ ਅਤੇ ਉਸ ਤੋਂ ਬਾਅਦ ਨਹੀਂ;

ਜਦੋਂ ਕਿ ਗਸ਼ਤੀ ਪੱਤਰ ਨੰ: 5058-ਐਫ.ਆਰ. II-57/5600, ਤਰੀਕ 23 ਜੁਲਾਈ, 1957 ਵਿੱਚ ਜ਼ਿਕਰ ਕੀਤੀਆਂ ਕਾਬਲੀਅਤਾਂ ਧਾਰਨ ਕਰਨ ਜਾਂ ਅਰਜਤ ਕਰਨ ਦੇ ਆਧਾਰ 'ਤੇ ਵੇਤਨ ਸਕੇਲ, 31 ਦਸੰਬਰ, 1985 ਤੱਕ ਅਧਿਆਪਕਾਂ ਨੂੰ ਜਾਰੀ ਰਹੇ;

ਜਦੋਂ ਕਿ ਤੀਜੇ ਵੇਤਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ, ਵਿੱਤ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਸਾਰੇ ਕਰਮਚਾਰੀਆਂ ਨੂੰ ਸੋਧੇ ਹੋਏ ਵੇਤਨ ਸਕੇਲ ਦੇਣ ਲਈ ਪੰਜਾਬ ਸਿਵਲ ਸੇਵਾਵਾਂ (ਸੋਧਿਆ ਹੋਇਆ ਵੇਤਨ) ਨਿਯਮ, 1988 ਬਣਾਏ ਗਏ ਅਤੇ ਵਿੱਤ ਵਿਭਾਗ, ਅਧਿਸੂਚਨਾ ਨੰ: 10/3/89-ਐਫ.ਪੀ.I/953, ਤਰੀਕ 20 ਜਨਵਰੀ, 1989 ਨਾਲ ਪੜ੍ਹੇ ਜਾਂਦੇ ਇਹਨਾਂ ਨਿਯਮਾਂ ਦੇ ਅਨੁਸਰਣ ਵਿੱਚ, ਰਾਜ ਸਰਕਾਰ ਵੱਲੋਂ ਆਪਣੇ ਅਧਿਸੂਚਨਾ ਨੰ: 11/64/87-2 ਐਜੂ.6/666, ਤਰੀਕ 17 ਫਰਵਰੀ, 1989 ਰਾਹੀਂ, 1 ਜਨਵਰੀ, 1986 ਤੋਂ ਪ੍ਰਭਾਵੀ ਇੱਕ ਅਧਿਆਪਕ ਦੁਆਰਾ ਧਾਰਨ ਕੀਤੀ ਗਈ ਆਸਾਮੀ ਅਨੁਸਾਰ ਵਿਸ਼ੇਸ਼ ਵੇਤਨ ਸਕੇਲ ਦਿੱਤੇ ਸਨ;

ਜਦੋਂ ਕਿ ਉਪਰੋਕਤ ਪ੍ਰਵਿਧਾਨਕ ਨਿਯਮਾਂ ਅਤੇ ਅਧਿਸੂਚਨਾਵਾਂ ਦੇ ਰਾਹੀਂ ਰਾਜ ਸਰਕਾਰ ਦੁਆਰਾ ਵਿਸ਼ੇਸ਼ ਵੇਤਨ ਸਕੇਲ ਦੇਣ ਦੇ ਨਤੀਜੇ ਵਜੋਂ, ਵਿੱਤ ਵਿਭਾਗ ਵੱਲੋਂ ਗਸ਼ਤੀ ਪੱਤਰ ਨੰ: 5058-ਐਫ.ਆਰ.II-57/5600, ਤਰੀਕ 23 ਜੁਲਾਈ, 1957 ਰਾਹੀਂ ਜਾਰੀ ਕੀਤੀਆਂ ਕਾਰਜਕਾਰੀ ਹਦਾਇਤਾਂ (ਜੋ ਅਧਿਆਪਕਾਂ ਨੂੰ ਸਿਰਫ਼ ਕਾਬਲੀਅਤਾਂ ਦੇ ਆਧਾਰ 'ਤੇ ਉੱਚ ਵੇਤਨ ਸਕੇਲ ਦਾ ਹੱਕਦਾਰ ਬਣਾਉਂਦੀਆਂ ਸਨ, ਭਾਵੇਂ ਅਸਲ ਵਿੱਚ ਘੱਟ ਵੇਤਨ ਸਕੇਲ ਦੀ ਆਸਾਮੀ ਧਾਰਨ ਕਰਦੇ ਸਨ ਜਿਸ ਦੇ ਨਤੀਜੇ ਵਜੋਂ ਇੱਕ ਵੱਖਰਾ ਵਰਗ ਪੈਦਾ ਹੋਇਆ ਜਿਸ ਨਾਲ ਸਮਾਨ ਸਥਿਤੀ ਵਾਲੇ ਅਧਿਆਪਕਾਂ ਵਿਚਕਾਰ ਅਸਮਾਨਤਾ ਅਤੇ ਵਿਤਕਰਾ ਪੈਦਾ ਹੋਇਆ, ਜਿਵੇਂ ਕਿ 19 ਫਰਵਰੀ, 1979 ਨੂੰ ਜਾਂ ਇਸ ਤੋਂ ਪਹਿਲਾਂ ਨਿਯੁਕਤ ਕੀਤੇ ਗਏ ਅਧਿਆਪਕ, ਅਤੇ

ਉਹ ਜਿਹੜੇ 19 ਫਰਵਰੀ, 1979 ਤੋਂ ਬਾਅਦ ਨਿਯੁਕਤ ਕੀਤੇ ਗਏ ਸਨ, ਭਾਵੇਂ ਕਿ ਉਹ ਸੇਵਾ ਨਿਯਮਾਂ ਅਨੁਸਾਰ ਸਮਾਨ ਬੁਨਿਆਦੀ ਕਾਬਲੀਅਤਾਂ ਰੱਖਦੇ ਸਨ ਅਤੇ ਉਹੀ ਆਸਾਮੀ ਤੇ ਕੰਮ ਕਰ ਰਹੇ ਸਨ ਉਹੀ ਕਰੱਤਵ ਅਤੇ ਜ਼ਿੰਮੇਵਾਰੀਆਂ ਨਿਭਾ ਰਹੇ ਸਨ), ਦਾ ਅਧਿਲੰਘਣ ਹੋ ਚੁੱਕਾ ਹੈ ਅਤੇ 1 ਜਨਵਰੀ, 1986 ਤੋਂ ਇਨ੍ਹਾਂ ਕਾਰਜਕਾਰੀ ਹਦਾਇਤਾਂ ਦੇ ਆਧਾਰ ਤੇ ਅਧਿਆਪਕਾਂ ਦੁਆਰਾ ਉੱਚ ਵੇਤਨ ਸਕੇਲਾਂ ਦੇ ਕਿਸੇ ਵੀ ਲਾਭ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ ਜਾਂ ਉਨ੍ਹਾਂ ਨੂੰ ਦਿੱਤਾ ਨਹੀਂ ਜਾ ਸਕਦਾ;

ਅਤੇ ਜਦੋਂ ਕਿ ਇਹਨਾਂ ਹਾਲਾਤਾਂ ਵਿੱਚ ਅਧਿਆਪਕਾਂ ਦੇ ਇੱਕੋ ਵਰਗ ਦੇ ਅੰਦਰ ਅਸਮਾਨਤਾ ਅਤੇ ਵਿਤਕਰੇ ਨੂੰ ਦੂਰ ਕਰਨ ਅਤੇ ਰਾਜ ਦੇ ਸਰਕਾਰੀ ਖਜ਼ਾਨੇ ਤੇ ਅਯੋਗ ਅਤੇ ਨਾਵਾਜਬ ਵਿੱਤੀ ਦੇਣਦਾਰੀਆਂ ਤੋਂ ਬਚਣ ਲਈ ਜਨਤਕ ਹਿੱਤ ਵਿੱਚ ਇੱਕ ਕਾਨੂੰਨ ਬਣਾਉਣਾ ਉਚਿਤ ਮੰਨਿਆ ਜਾਂਦਾ ਹੈ।

ਭਾਰਤ ਗਣਰਾਜ ਦੇ ਪਚਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਅਧਿਆਪਕਾਂ ਦਾ ਵੇਤਨ ਸਕੇਲ ਐਕਟ, 2004 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਜਨਵਰੀ, 1986 ਦੇ ਪਹਿਲੇ ਦਿਨ ਨੂੰ ਅਤੇ ਤੋਂ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਵਿੱਤ ਵਿਭਾਗ" ਦਾ ਮਤਲਬ ਹੈ ਪੰਜਾਬ ਰਾਜ ਦਾ ਵਿੱਤ ਵਿਭਾਗ; ਅਤੇ

(ਅ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਸਿੱਖਿਆ ਵਿਭਾਗ।

3. ਤੱਤਸਮੇਂ ਨਾਫ਼ਜ਼ ਕਿਸੇ ਵੀ ਹਦਾਇਤ, ਨਿਯਮ ਜਾਂ ਹੋਰ ਕਾਨੂੰਨ ਵਿੱਚ ਦਰਜ ਕਿਸੇ ਵੀ ਗੱਲ ਦੇ ਅਤੇ ਕਿਸੇ ਅਦਾਲਤ, ਟ੍ਰਿਬਿਊਨਲ ਜਾਂ ਅਥਾਰਟੀ ਦੇ ਕਿਸੇ ਨਿਰਣੇ, ਡਿਗਰੀ, ਹੁਕਮ ਜਾਂ ਫ਼ੈਸਲੇ ਦੇ ਹੁੰਦਿਆਂ ਹੋਇਆਂ ਵੀ, ਅਧਿਆਪਕ ਸਿਰਫ਼ ਉਹਨਾਂ ਨਿਯਮਾਂ ਅਤੇ ਅਧਿਸੂਚਨਾਵਾਂ ਦੇ ਅਨੁਸਾਰ ਵੇਤਨ ਸਕੇਲ ਦੇਣਾ।

ਵੱਲੋਂ ਧਾਰਨ ਕੀਤੀਆਂ ਆਸਾਮੀਆਂ ਦੇ ਵੇਤਨ ਸਕੇਲਾਂ ਦੇ ਹੱਕਦਾਰ ਹੋਣਗੇ ਜੋ ਪੰਜਾਬ ਸਿਵਲ ਸੇਵਾਵਾਂ (ਸੋਧੇ ਹੋਏ ਵੇਤਨ) ਨਿਯਮ, 1988, ਵਿੱਤ ਵਿਭਾਗ, ਅਧਿਸੂਚਨਾ ਨੰ: 10/3/89-ਐਫ.ਪੀ.ਆਈ./953, ਤਰੀਕ 20 ਜਨਵਰੀ, 1989 ਅਤੇ ਰਾਜ ਸਰਕਾਰ ਅਧਿਸੂਚਨਾ ਨੰ: 11/64/87-2 ਐਜ.6/666, ਤਰੀਕ 17 ਫਰਵਰੀ, 1989 ਦੇ ਨਾਲ ਪੜ੍ਹਦੇ ਹੋਏ, ਜਨਵਰੀ, 1986 ਦੇ ਪਹਿਲੇ ਦਿਨ ਤੋਂ ਉਨ੍ਹਾਂ ਦੀਆਂ ਕਾਬਲੀਅਤਾਂ ਦੇ ਬਿਨ੍ਹਾਂ ਲਿਹਾਜ਼, ਦਿੱਤੇ ਗਏ ਸਨ, ਅਤੇ ਇਸ ਤੋਂ ਵੱਧ ਉਹਨਾਂ ਨੂੰ ਕੁੱਝ ਵੀ ਅਦਾਇਗੀਯੋਗ ਨਹੀਂ ਹੋਵੇਗਾ।

ਨੇਕ-ਨੀਤੀ ਨਾਲ ਕੀਤੀਆਂ ਕਾਰਵਾਈਆਂ ਦਾ ਬਚਾਉ।

4. ਇਸ ਐਕਟ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅਧਿਕਾਰਤਾ ਤੇ ਰੋਕ।

5. ਕਿਸੇ ਵੀ ਦੀਵਾਨੀ ਅਦਾਲਤ ਨੂੰ ਇਸ ਐਕਟ ਦੇ ਅਧੀਨ ਪੈਦਾ ਹੋਣ ਵਾਲੇ ਜਾਂ ਇਸ ਨਾਲ ਸਬੰਧਤ ਕਿਸੇ ਵੀ ਮਾਮਲੇ ਦੇ ਬਾਰੇ ਵਿੱਚ ਕੋਈ ਦਾਵਾ ਜਾਂ ਕਾਰਵਾਈਆਂ ਨੂੰ ਗ੍ਰਹਿਣ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ।

ਨਿਰਸਨ ਅਤੇ ਬਚਾਉ।

6. (1) ਪੰਜਾਬ ਅਧਿਆਪਕਾਂ ਦਾ ਵੇਤਨ ਸਕੇਲ ਆਰਡੀਨੈਂਸ, 2004 (2004 ਦਾ ਪੰਜਾਬ ਆਰਡੀਨੈਂਸ ਨੰ: 11) ਇੱਥੇ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ।

ਦੇਵਿੰਦਰ ਕੁਮਾਰ ਗੁਪਤਾ,
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3498/9-2025/Pb. Govt. Press, S.A.S. Nagar*

ਭਾਗ–**II**

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 12 ਸਤੰਬਰ, 2025

ਨੰ: 37/ਭ.ਕ./2025.– ਪੰਜਾਬ ਧਰਾਤਲ ਹੇਠਲੇ ਪਾਣੀ ਦਾ ਪਰਿਰੱਖਣ ਐਕਟ, 2009 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 12th September, 2025

**No. 37/L.C./2025.**- The Translation in Punjabi of the Punjab Preservation of Sub-Soil Water Act, 2009 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਧਰਾਤਲ ਹੇਠਲੇ ਪਾਣੀ ਦਾ ਪਰਿਰੱਖਣ ਐਕਟ, 2009

(2009 ਦਾ ਪੰਜਾਬ ਐਕਟ ਨੰ: 6)

ਅਧਿਸੂਚਿਤ ਤਰੀਕਾਂ ਤੋਂ ਪਹਿਲਾਂ ਧਾਨ ਦੀ ਪਨੀਰੀ ਬੀਜਣ ਅਤੇ ਧਾਨ ਦੇ ਪ੍ਰਤਿਰੋਪਣ 'ਤੇ ਪਾਬੰਦੀ ਲਗਾਉਣ ਲਈ, ਅਤੇ ਇਸ ਨਾਲ ਸਬੰਧਤ ਜਾਂ ਇਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ :-

ਭਾਰਤ ਗਣਰਾਜ ਦੇ ਸੱਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਧਰਾਤਲ ਹੇਠਲੇ ਪਾਣੀ ਦਾ ਪਰਿਰੱਖਣ ਐਕਟ, 2009 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਅਧਿਕਾਰਤ ਅਧਿਕਾਰੀ" ਦਾ ਮਤਲਬ ਹੈ ਇੱਕ ਅਧਿਕਾਰੀ, ਜਿਸ ਨੂੰ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਧਿਕਾਰਤ ਕੀਤਾ ਗਿਆ ਹੋਵੇ;

(ਅ) "ਕੁਲੈਕਟਰ" ਦਾ ਮਤਲਬ ਉਹੀ ਹੋਵੇਗਾ, ਜਿਵੇਂ ਕਿ ਇਸ ਨੂੰ ਪੰਜਾਬ ਭੌਂ ਮਾਲੀਆ ਐਕਟ, 1887 ਵਿੱਚ ਦਿੱਤਾ ਗਿਆ ਹੈ, ਅਤੇ ਇਸ ਵਿੱਚ ਕੋਈ ਹੋਰ ਅਧਿਕਾਰੀ ਸ਼ਾਮਲ ਹੈ, ਜਿਸ ਨੂੰ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਇਸ ਐਕਟ ਅਧੀਨ ਕੁਲੈਕਟਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਨਿਯੁਕਤ ਕੀਤਾ ਜਾ ਸਕੇਗਾ;

(ੲ) "ਕਿਸਾਨ" ਦਾ ਮਤਲਬ ਹੈ ਕੋਈ ਵਿਅਕਤੀ, ਜੋ ਖੇਤੀਬਾੜੀ, ਬਾਗਬਾਨੀ, ਖੇਤੀਬਾੜੀ ਜੰਗਲਾਤ ਅਤੇ ਇਸ ਤਰ੍ਹਾਂ ਦੇ ਪ੍ਰਯੋਜਨਾਂ ਲਈ ਮਾਲਕ ਵਜੋਂ ਜਾਂ ਕਿਰਾਏਦਾਰ ਵਜੋਂ ਜਾਂ ਹਿੱਸੇਦਾਰ ਬਟਾਈਦਾਰ ਵਜੋਂ ਭੌਂ ਦੀ ਕਾਸ਼ਤ ਕਰਦਾ ਹੈ;

(ਸ) "ਅਧਿਸੂਚਿਤ ਤਰੀਕ" ਦਾ ਮਤਲਬ ਹੈ ਉਹ ਤਰੀਕ, ਜੋ ਧਾਰਾ 3 ਦੀ ਉਪ-ਧਾਰਾਵਾਂ (1) ਅਤੇ (2) ਅਧੀਨ ਅਧਿਸੂਚਿਤ ਕੀਤੀ ਗਈ ਹੈ; ਅਤੇ

(ਹ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ।

ਕਿਸੇ ਵੀ ਕਿਸਾਨ ਵੱਲੋਂ ਅਧਿਸੂਚਤ ਤਰੀਕ ਤੋਂ ਪਹਿਲਾਂ ਧਾਨ ਦੀ ਪਨੀਰੀ ਨਾ ਬੀਜਣਾ ਜਾਂ ਧਾਨ ਨਾ ਪ੍ਰਤਿਰੋਪਣ ਕਰਨਾ।

3. (1) ਕੋਈ ਵੀ ਕਿਸਾਨ ਖੇਤੀਬਾੜੀ ਸਾਲ ਦੀ ਮਈ ਦੇ 10ਵੇਂ ਦਿਨ ਤੋਂ ਜਾਂ ਅਜਿਹੀ ਕਿਸੇ ਹੋਰ ਤਰੀਕ ਤੋਂ ਪਹਿਲਾਂ ਜੋ ਰਾਜ ਸਰਕਾਰ ਦੁਆਰਾ ਕਿਸੇ ਵੀ ਸਥਾਨਕ ਖੇਤਰ ਲਈ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਧਿਸੂਚਤ ਕੀਤੀ ਜਾਵੇ, ਧਾਨ ਦੀ ਪਨੀਰੀ ਨਹੀਂ ਬੀਜੇਗਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨ ਲਈ, 'ਖੇਤੀਬਾੜੀ ਸਾਲ' ਦਾ ਮਤਲਬ ਹੈ ਜੂਨ ਦੇ 16ਵੇਂ ਦਿਨ ਨੂੰ ਅਰੰਭ ਹੋਣ ਵਾਲਾ ਸਾਲ ਜਾਂ ਕਿਸੇ ਹੋਰ ਤਰੀਕ ਤੋਂ ਜੋ ਰਾਜ ਸਰਕਾਰ ਦੁਆਰਾ ਕਿਸੇ ਵੀ ਸਥਾਨਕ ਖੇਤਰ ਲਈ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਤ ਕੀਤੀ ਜਾਵੇ।

(2) ਕੋਈ ਵੀ ਕਿਸਾਨ ਅਜਿਹੀ ਤਰੀਕ ਤੋਂ ਪਹਿਲਾਂ ਧਾਨ ਦਾ ਪ੍ਰਤਿਰੋਪਣ ਨਹੀਂ ਕਰੇਗਾ ਜੋ ਰਾਜ ਸਰਕਾਰ ਦੁਆਰਾ ਇਸ ਬਾਬਤ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਧਿਸੂਚਤ ਕੀਤੀ ਜਾਵੇ।

(3) ਉਪ-ਧਾਰਾਵਾਂ (1) ਅਤੇ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਧਾਰਾ ਦੇ ਉਪਬੰਧ ਇਨ੍ਹਾਂ ਤੇ ਲਾਗੂ ਨਹੀਂ ਹੋਣਗੇ-

(ੳ) ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕਿਸੇ ਵੀ ਖੋਜ ਪ੍ਰੋਜੈਕਟ 'ਤੇ;

(ਅ) ਕੋਈ ਹੋਰ ਖੋਜ ਸੰਸਥਾ, ਜੋ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਐਲਾਨੀ ਜਾਵੇ;

(ੲ) ਕੋਈ ਵੀ ਪਾਣੀ ਭਰਿਆ ਖੇਤਰ, ਜੋ ਰਾਜ ਸਰਕਾਰ ਦੁਆਰਾ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਐਲਾਨਿਆ ਜਾਵੇ;

ਵਿਆਖਿਆ.- ਇਸ ਖੰਡ ਦੇ ਪ੍ਰਯੋਜਨ ਲਈ, 'ਪਾਣੀ ਭਰਿਆ ਖੇਤਰ' ਸ਼ਬਦ ਦਾ ਮਤਲਬ ਹੈ ਇੱਕ ਅਜਿਹਾ ਖੇਤਰ, ਜਿਸ ਦੀ ਡੂੰਘਾਈ ਜ਼ਮੀਨੀ ਪੱਧਰ ਤੋਂ ਇੱਕ ਮੀਟਰ ਤੋਂ ਘੱਟ ਪਾਣੀ ਦੇ ਪੱਧਰ ਤੱਕ ਹੋਵੇ; ਅਤੇ

(ਸ) ਧਾਨ ਦੀ ਫ਼ਸਲ ਦਾ ਕੋਈ ਹੋਰ ਤਰੀਕਾ, ਜਿਵੇਂ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਐਲਾਨਿਆ ਜਾਵੇ।

ਸੰਪਦਾ ਵਿੱਚ ਦਾਖ਼ਲ ਹੋਣ ਦੀ ਸ਼ਕਤੀ।

4. ਅਧਿਕਾਰਤ ਅਧਿਕਾਰੀ ਜਾਂ ਉਸ ਦੇ ਮਾਤਹਿਤ, ਨੌਕਰ ਜਾਂ ਕਾਮੇ ਨੂੰ ਇਸ ਐਕਟ ਦੇ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਦਾ ਨਿਰਧਾਰਣ ਕਰਨ ਲਈ ਖੇਤਰ ਦਾ ਸਰਵੇਖਣ ਕਰਨ ਦੇ ਪ੍ਰਯੋਜਨ ਨਾਲ ਕਿਸੇ ਵੀ ਕਿਸਾਨ ਦੀ ਸੰਪਦਾ ਵਿੱਚ ਦਾਖ਼ਲ ਹੋਣ ਦੀ ਸ਼ਕਤੀ ਹੋਵੇਗੀ।

ਵਿਆਖਿਆ.- 'ਸੰਪਦਾ' ਸ਼ਬਦ ਦਾ ਉਹੀ ਮਤਲਬ ਹੋਵੇਗਾ ਜੋ ਇਸ ਨੂੰ ਪੰਜਾਬ ਭੋਂ ਮਾਲੀਆ ਐਕਟ, 1887 ਦੇ ਅਧੀਨ ਦਿੱਤਾ ਗਿਆ ਹੈ।

ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ।

5. ਅਧਿਕਾਰਤ ਅਧਿਕਾਰੀ, ਜਾਂ ਤਾਂ ਖੁਦ ਜਾਂ ਇਸ ਐਕਟ ਦੇ ਕਿਸੇ ਵੀ ਉਪਬੰਧ ਦੀ ਖ਼ਿਲਾਫ਼ਵਰਜ਼ੀ ਸਬੰਧੀ ਉਸ ਦੇ ਧਿਆਨ ਵਿੱਚ ਲਿਆਂਦੀ ਗਈ ਜਾਣਕਾਰੀ 'ਤੇ, ਉਸ ਕਿਸਾਨ ਨੂੰ, ਜਿਸ ਨੇ ਇਸ ਐਕਟ ਦੇ ਕਿਸੇ ਵੀ ਉਪਬੰਧ ਦੀ ਖ਼ਿਲਾਫ਼ਵਰਜ਼ੀ

ਕੀਤੀ ਹੈ, ਅਧਿਸੂਚਤ ਤਰੀਕ ਤੋਂ ਪਹਿਲਾਂ ਬੀਜੀ ਗਈ ਜਾਂ ਪ੍ਰਤਿਰੋਪਣ ਕੀਤੇ ਗਏ ਧਾਨ ਦੀ ਪਨੀਰੀ ਨੂੰ ਨਸ਼ਟ ਕਰਨ ਲਈ ਨਿਦੇਸ਼ ਜਾਰੀ ਕਰਨ ਦੇ ਸ਼ਕਤਵਾਨ ਹੋਵੇਗਾ।

ਧਾਨ ਦੀ ਪਨੀਰੀ ਜਾਂ ਪ੍ਰਤਿਰੋਪਤ ਧਾਨ ਨੂੰ ਨਸ਼ਟ ਕਰਨਾ ਅਤੇ ਖ਼ਰਚੇ ਵਸੂਲਣ ਦੀ ਸ਼ਕਤੀ।

6. ਜੇ, ਕੋਈ ਕਿਸਾਨ ਅਧਿਕਾਰਤ ਅਧਿਕਾਰੀ ਵੱਲੋਂ ਧਾਰਾ 5 ਅਧੀਨ ਦਿੱਤੇ ਨਿਰਦੇਸ਼ਾਂ ਅਨੁਸਾਰ ਕੰਮ ਨਹੀਂ ਕਰਦਾ ਹੈ, ਤਾਂ ਅਧਿਕਾਰਤ ਅਧਿਕਾਰੀ ਅਜਿਹੇ ਕਿਸਾਨ ਦੇ ਖ਼ਰਚੇ ਤੇ ਧਾਨ ਦੀ ਅਜਿਹੀ ਪਨੀਰੀ, ਜਾਂ ਬੀਜੀ ਜਾਂ ਪ੍ਰਤਿਰੋਪਣ ਕੀਤੀ ਗਈ ਧਾਨ ਨੂੰ, ਜਿਹੀ ਕਿ ਸੂਰਤ ਹੋਵੇ, ਨਸ਼ਟ ਕਰ ਦੇਵੇਗਾ।

ਡੰਨ।

7. (1) ਕੋਈ ਕਿਸਾਨ, ਜੋ ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਉਹ ਭੋਂ ਦੇ ਪ੍ਰਤੀ ਹੈਕਟੇਅਰ ਹਰੇਕ ਮਹੀਨੇ ਜਾਂ ਉਸ ਦੇ ਹਿੱਸੇ ਲਈ ਦਸ ਹਜਾਰ ਰੁਪਏ ਦੇ ਡੰਨ ਦਾ ਭਾਗੀ ਹੋਵੇਗਾ ਜਿਸ ਮੁੱਦਤ ਤੱਕ ਅਜਿਹੀ ਉਲੰਘਣਾ ਜਾਰੀ ਰਹਿੰਦੀ ਹੈ।

(2) ਉਪ-ਧਾਰਾ (1) ਵਿੱਚ ਹਵਾਲਾ ਕੀਤਾ ਗਿਆ ਡੰਨ, ਅਧਿਸੂਚਤ ਤਰੀਕ ਤੋਂ ਪਹਿਲਾਂ ਧਾਨ ਦੀ ਪਨੀਰੀ, ਜਾਂ ਬੀਜੀ ਜਾਂ ਪ੍ਰਤਿਰੋਪਣ ਕੀਤੇ ਗਏ ਧਾਨ ਨੂੰ ਨਸ਼ਟ ਕਰਨ ਲਈ ਕੀਤੇ ਗਏ ਖ਼ਰਚਿਆਂ ਦੀ ਵਸੂਲੀ ਤੋਂ ਇਲਾਵਾ ਹੋਵੇਗਾ।

(3) ਉਪ-ਧਾਰਾ (1) ਅਧੀਨ ਕੋਈ ਡੰਨ ਲਗਾਉਣ ਦਾ ਹੁਕਮ ਪਾਸ ਕਰਨ ਤੋਂ ਪਹਿਲਾਂ, ਅਧਿਕਾਰਤ ਅਧਿਕਾਰੀ ਅਜਿਹੀ ਜਾਂਚ ਕਰੇਗਾ, ਜਿਵੇਂ ਉਹ ਜ਼ਰੂਰੀ ਸਮਝੇ ਅਤੇ ਸਬੰਧਤ ਕਿਸਾਨ ਨੂੰ ਸੁਣਵਾਈ ਦਾ ਮੌਕਾ ਦੇਵੇਗਾ।

ਅਪੀਲ।

8. ਧਾਰਾ 7 ਦੀ ਉਪ-ਧਾਰਾ (3) ਅਧੀਨ ਅਧਿਕਾਰਤ ਅਧਿਕਾਰੀ ਵੱਲੋਂ ਪਾਸ ਕੀਤੇ ਗਏ ਹੁਕਮ ਤੋਂ ਦੁਖਤ ਕੋਈ ਕਿਸਾਨ, ਹੁਕਮ ਪਾਸ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਕੁਲੈਕਟਰ ਨੂੰ ਅਪੀਲ ਕਰ ਸਕੇਗਾ।

ਵਸੂਲੀ।

9. ਧਾਰਾ 7 ਵਿੱਚ ਹਵਾਲਾ ਕੀਤੇ ਗਏ ਡੰਨ ਅਤੇ ਖਰਚੇ, ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਹੋਣਗੇ।

ਨੇਕ ਨੀਤੀ ਨਾਲ ਕੀਤੀਆਂ ਗਈਆਂ ਕਾਰਵਾਈਆਂ ਲਈ ਬਚਾਉ।

10. ਇਸ ਐਕਟ ਅਧੀਨ ਨੇਕ ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਇਸ ਦੇ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

11. ਕਿਸੇ ਵੀ ਦੀਵਾਨੀ ਅਦਾਲਤ ਨੂੰ ਇਸ ਐਕਟ ਅਧੀਨ ਪੈਦਾ ਹੋਣ ਵਾਲੇ ਜਾਂ ਇਸ ਨਾਲ ਸਬੰਧਤ ਕਿਸੇ ਵੀ ਮਾਮਲੇ ਦੇ ਸਬੰਧ ਵਿੱਚ ਕਿਸੇ ਦਾਵੇ ਜਾਂ ਕਾਰਵਾਈ ਨੂੰ ਸੁਣਨ ਦੀ ਅਧਿਕਾਰਤਾ ਨਹੀਂ ਹੋਵੇਗੀ। ਅਧਿਕਾਰਤਾ ਤੇ ਰੋਕ।

12. ਤੱਤਸਮੇਂ ਲਈ ਨਾਫ਼ਜ਼ ਪੰਜਾਬ ਰਾਜ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ ਵਿੱਚ ਇਸ ਦੇ ਉਲਟ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧ ਪ੍ਰਭਾਵੀ ਹੋਣਗੇ। ਪਰਮ ਪ੍ਰਭਾਵ।

ਦੇਵਿੰਦਰ ਕੁਮਾਰ ਗੁਪਤਾ,
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3498/9-2025/Pb. Govt. Press, S.A.S. Nagar*

**ਭਾਗ-III**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 12 ਸਤੰਬਰ, 2025

ਨੰ: 38/ਭ.ਕ./2025.- ਪੰਜਾਬ ਸਿੱਖਿਅਕ ਸੰਸਥਾਵਾਂ (ਰੈਗਿੰਗ ਦੀ ਮਨਾਹੀ) ਐਕਟ, 2013 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 12th September, 2025

**No. 38/L.C./2025.**- The Translation in Punjabi of the Punjab Educational Institutions (Prohibition of Ragging) Act, 2013 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਸਿੱਖਿਅਕ ਸੰਸਥਾਵਾਂ (ਰੈਗਿੰਗ ਦੀ ਮਨਾਹੀ) ਐਕਟ,** 2013

(2013 **ਦਾ ਪੰਜਾਬ ਐਕਟ ਨੰ:** 25)

ਪੰਜਾਬ ਰਾਜ ਵਿੱਚ ਰੈਗਿੰਗ ਦੀ ਬੁਰੀ ਰੀਤ ਨੂੰ ਰੋਕਣ ਅਤੇ ਸਿੱਖਿਅਕ ਸੰਸਥਾਵਾਂ ਵਿੱਚ ਦੋਸ਼-ਕਰਤਾ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਸਿੱਖਿਅਕ ਸੰਸਥਾਵਾਂ (ਰੈਗਿੰਗ ਦੀ ਮਨਾਹੀ) ਐਕਟ, 2013 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਐਕਟ" ਦਾ ਮਤਲਬ ਹੈ ਪੰਜਾਬ ਸਿੱਖਿਅਕ ਸੰਸਥਾਵਾਂ (ਰੈਗਿੰਗ ਦੀ ਮਨਾਹੀ) ਐਕਟ;

(ਅ) "ਰੈਗਿੰਗ ਵਿਰੋਧੀ ਕਮੇਟੀ" ਦਾ ਮਤਲਬ ਹੈ ਧਾਰਾ 4 ਵਿੱਚ ਗਠਤ ਕੀਤੀ ਗਈ ਕਮੇਟੀ;

(ੲ) "ਅਪੀਲੀ ਅਥਾਰਟੀ" ਦਾ ਮਤਲਬ ਹੈ ਧਾਰਾ 6 ਵਿੱਚ ਸਥਾਪਤ ਕੀਤੀ ਗਈ ਅਥਾਰਟੀ;

(ਸ) "ਸਿੱਖਿਅਕ ਸੰਸਥਾ" ਦਾ ਮਤਲਬ ਹੈ ਕੋਈ ਵੀ ਯੂਨੀਵਰਸਿਟੀ, ਕਿਸੇ ਵੀ ਯੂਨੀਵਰਸਿਟੀ ਨਾਲ ਸੰਬੱਧਤ ਜਾਂ ਉਸ ਦੁਆਰਾ ਚਲਾਇਆ ਜਾਣ ਵਾਲਾ ਕਾਲਜ, ਸੈਕੰਡਰੀ ਸਿੱਖਿਆ ਦੇਣ ਵਾਲਾ ਕੋਈ ਵੀ ਸਕੂਲ, ਜਾਂ ਪੋਲੀਟੈਕਨਿਕ, ਤਕਨੀਕੀ ਜਾਂ ਡਾਕਟਰੀ ਸਿੱਖਿਆ ਪ੍ਰਦਾਨ ਕਰਨ ਵਾਲੀ ਸੰਸਥਾ ਅਤੇ ਜਿਸ ਵਿੱਚ ਅਜਿਹੀਆਂ ਹੋਰ ਸੰਸਥਾਵਾਂ ਸ਼ਾਮਲ ਹਨ, ਜਿਨ੍ਹਾਂ ਨੂੰ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਤ ਕੀਤਾ ਜਾਵੇ;

(ਹ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ ਵਿੱਚ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ; ਅਤੇ

(ਕ) "ਰੈਗਿੰਗ" ਦਾ ਮਤਲਬ ਹੈ ਕੋਈ ਕਾਰਜ, ਆਚਰਣ ਜਾਂ ਰੀਤ, ਜਿਸ ਦੁਆਰਾ ਸੀਨੀਅਰ ਵਿਦਿਆਰਥੀਆਂ, ਸਾਬਕਾ ਵਿਦਿਆਰਥੀਆਂ ਜਾਂ ਬਾਹਰਲਿਆਂ ਦੀ ਪ੍ਰਬਲ ਸ਼ਕਤੀ, ਨਵੇਂ ਦਾਖਲ ਹੋਏ ਵਿਦਿਆਰਥੀਆਂ ਜਾਂ ਅਜਿਹੇ ਵਿਦਿਆਰਥੀਆਂ ਤੇ ਅਸਰ ਪਾਵੇਗਾ, ਜਿਨ੍ਹਾਂ ਨੂੰ ਦੂਜੇ ਵਿਦਿਆਰਥੀਆਂ ਦੁਆਰਾ ਕਿਸੇ ਵੀ ਤਰੀਕੇ ਨਾਲ ਜੂਨੀਅਰ ਮੰਨਿਆ ਜਾਂਦਾ ਹੈ, ਅਤੇ ਇਸ ਵਿੱਚ ਵਿਅਕਤੀਗਤ ਜਾਂ ਸਮੂਹਿਕ ਕਾਰਜ ਜਾਂ ਰੀਤਾਂ ਸ਼ਾਮਲ ਹੁੰਦੀਆਂ ਹਨ, ਜੋ,-

(i) ਸਰੀਰਕ ਜਾਂ ਮਨੋਵਿਗਿਆਨਕ ਹਮਲੇ ਜਾਂ ਧਮਕੀ ਜਾਂ ਬਲ ਦੀ ਵਰਤੋਂ ਜਾਂ ਦੋਸ਼ਪੂਰਨ ਹਿਬਸ ਜਾਂ ਰੋਕ ਲਾਉਣ ਵਿੱਚ ਪਲਚਣਾ; ਜਾਂ

(ii) ਅਜਿਹੇ ਵਿਦਿਆਰਥੀਆਂ ਦੇ ਰੁਤਬੇ, ਮਾਣ ਅਤੇ ਸਨਮਾਨ ਦੀ ਖ਼ਿਲਾਫ਼ਵਰਜ਼ੀ ਕਰਨਾ; ਜਾਂ

(iii) ਵਿਦਿਆਰਥੀਆਂ ਨੂੰ ਮਖੌਲ ਅਤੇ ਹੱਤਕ ਦਾ ਸ਼ਿਕਾਰ ਬਣਾਉਣਾ ਅਤੇ ਉਹਨਾਂ ਦੇ ਸਵੈ-ਮਾਣ ਨੂੰ ਪ੍ਰਭਾਵਿਤ ਕਰਨਾ; ਜਾਂ

(iv) ਜ਼ੁਬਾਨੀ ਬਦਸਲੂਕੀ ਅਤੇ ਹਮਲਾ, ਅਸ਼ਲੀਲ ਇਸ਼ਾਰੇ ਅਤੇ ਅਸ਼ਲੀਲ ਵਤੀਰਾ ਹੁੰਦਾ ਹੈ।

3. ਕੋਈ ਵੀ ਵਿਅਕਤੀ ਕਿਸੇ ਵੀ ਸਿੱਖਿਅਕ ਸੰਸਥਾ ਦੇ ਅੰਦਰ ਜਾਂ ਬਾਹਰ, ਕਿਸੇ ਵੀ ਰੂਪ ਵਿੱਚ ਰੈਗਿੰਗ ਦੀ ਕਿਰਿਆ ਨਹੀਂ ਕਰੇਗਾ। ਰੈਗਿੰਗ ਦੀ ਮਨਾਹੀ।

4. (1) ਹਰੇਕ ਸਿੱਖਿਅਕ ਸੰਸਥਾ ਰੈਗਿੰਗ ਦੀਆਂ ਸ਼ਿਕਾਇਤਾਂ ਨੂੰ ਸੁਣਨ ਅਤੇ ਫ਼ੈਸਲਾ ਕਰਨ ਲਈ ਇੱਕ ਰੈਗਿੰਗ ਵਿਰੋਧੀ ਕਮੇਟੀ ਦਾ ਗਠਨ ਕਰੇਗੀ। ਰੈਗਿੰਗ ਵਿਰੋਧੀ ਕਮੇਟੀ।

(2) ਰੈਗਿੰਗ ਤੋਂ ਦੁਖਤ ਕੋਈ ਵੀ ਵਿਅਕਤੀ ਸਬੰਧਤ ਸਿੱਖਿਅਕ ਸੰਸਥਾ ਦੀ ਰੈਗਿੰਗ ਵਿਰੋਧੀ ਕਮੇਟੀ ਨੂੰ ਲਿਖਤੀ ਸ਼ਿਕਾਇਤ ਦਾਇਰ ਕਰ ਸਕੇਗਾ।

(3) ਉਪ-ਧਾਰਾ (2) ਵਿੱਚ ਹਵਾਲਾ ਦਿੱਤੀ ਸ਼ਿਕਾਇਤ ਪ੍ਰਾਪਤ ਹੋਣ ਤੋਂ ਬਾਅਦ, ਰੈਗਿੰਗ ਵਿਰੋਧੀ ਕਮੇਟੀ ਸ਼ਿਕਾਇਤ ਦੀ ਇੱਕ ਨਕਲ ਸਿੱਖਿਅਕ ਸੰਸਥਾ ਦੇ ਮੁੱਖੀ ਨੂੰ ਭੇਜੇਗੀ ਅਤੇ ਮਾਮਲੇ ਵਿੱਚ ਅੱਗੇ ਕਾਰਵਾਈ ਕਰੇਗੀ ਅਤੇ ਸਬੰਧਤ ਧਿਰਾਂ ਅਤੇ ਵਿਅਕਤੀਆਂ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਫ਼ੈਸਲਾ ਲਵੇਗੀ ਅਤੇ ਆਪਣੇ ਫ਼ੈਸਲੇ ਦੀ ਇੱਕ ਨਕਲ ਸਿੱਖਿਅਕ ਸੰਸਥਾ ਦੇ ਮੁੱਖੀ ਨੂੰ ਭੇਜੇਗੀ।

(4) ਰੈਗਿੰਗ ਵਿਰੋਧੀ ਕਮੇਟੀ ਹਰੇਕ ਕੇਸ ਵਿੱਚ ਢੁੱਕਵੀਂ ਸਜ਼ਾ ਦਾ ਫ਼ੈਸਲਾ ਕਰੇਗੀ, ਜੇ ਇਹ ਉਪ-ਧਾਰਾ (3) ਦੇ ਅਧੀਨ ਪੁੱਛ-ਪੜਤਾਲ ਤੋਂ ਬਾਅਦ ਮਾਮਲੇ ਦੇ ਤੱਥਾਂ ਦੁਆਰਾ ਸਮਰਥਤ ਹੈ।

(5) ਸੰਸਥਾ ਦੇ ਮੁੱਖੀ ਨੂੰ ਰੈਗਿੰਗ ਵਿਰੋਧੀ ਕਮੇਟੀ ਦੇ ਫ਼ੈਸਲੇ ਦੀ ਤਰੀਕ ਤੋਂ ਇੱਕ ਹਫ਼ਤੇ ਦੀ ਮੁੱਦਤ ਦੇ ਅੰਦਰ ਕਮੇਟੀ ਦੇ ਅਜਿਹੇ ਫ਼ੈਸਲੇ ਦੇ ਅਨੁਸਰਣ ਵਿੱਚ ਕਾਰਵਾਈ ਕਰਨੀ ਪਵੇਗੀ।

5. ਧਾਰਾ 4 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜੇ ਰੈਗਿੰਗ ਦੀ ਕੋਈ ਘਟਨਾ ਸਿੱਖਿਅਕ ਸੰਸਥਾ ਦੇ ਮੁੱਖੀ ਦੇ ਧਿਆਨ ਵਿੱਚ ਆਉਂਦੀ ਹੈ ਜਾਂ ਜੇ ਰੈਗਿੰਗ ਦੀ ਘਟਨਾ ਨੂੰ ਰੈਗਿੰਗ ਵਿਰੋਧੀ ਕਮੇਟੀ, ਵਿਦਿਆਰਥੀਆਂ ਦੇ ਮਾਪਿਆਂ ਜਾਂ ਸਰਪ੍ਰਸਤ ਜਾਂ ਸਿੱਖਿਅਕ ਸੰਸਥਾ ਦੇ ਕਿਸੇ ਅਧਿਆਪਕ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਲਿਖਤੀ ਜਾਂ ਹੋਰ ਤਰ੍ਹਾਂ ਸਿੱਖਿਅਕ ਸੰਸਥਾ ਦੇ ਮੁੱਖੀ ਦੇ ਧਿਆਨ ਵਿੱਚ ਇਤਲਾਹ।

ਲਿਆਈ ਜਾਂਦੀ ਹੈ, ਤਾਂ ਸਿੱਖਿਅਕ ਸੰਸਥਾ ਦਾ ਮੁੱਖੀ ਇਸ ਦੀ ਪੁੱਛ-ਪੜਤਾਲ ਅਤੇ ਢੁੱਕਵੀਂ ਕਾਰਵਾਈ ਲਈ ਰੈਗਿੰਗ ਵਿਰੋਧੀ ਕਮੇਟੀ ਨੂੰ ਇਸ ਬਾਰੇ ਇਤਲਾਹ ਦੇਵੇਗਾ।

ਅਪੀਲੀ ਅਥਾਰਟੀ।

6. (1) ਰੈਗਿੰਗ ਵਿਰੋਧੀ ਕਮੇਟੀ ਦੇ ਫ਼ੈਸਲੇ ਦੇ ਵਿਰੁੱਧ ਦੁਖਤ ਵਿਅਕਤੀ ਦੁਆਰਾ ਰੈਗਿੰਗ ਵਿਰੋਧੀ ਕਮੇਟੀ ਦੇ ਫ਼ੈਸਲੇ ਦੀ ਪ੍ਰਾਪਤੀ ਦੀ ਤਰੀਕ ਤੋਂ ਇੱਕੀ ਦਿਨਾਂ ਦੀ ਮੁੱਦਤ ਦੇ ਅੰਦਰ ਅਪੀਲੀ ਅਥਾਰਟੀ ਨੂੰ ਅਪੀਲ ਦਾਇਰ ਕੀਤੀ ਜਾ ਸਕੇਗੀ।

(2) ਅਪੀਲੀ ਅਥਾਰਟੀ ਹੇਠ-ਲਿਖੇ ਅਧਿਕਾਰੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

(i) ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ;

(ii) ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ;

(iii) ਸਕੱਤਰ, ਡਾਕਟਰੀ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ।

(3) ਉਪ-ਧਾਰਾ (2) ਵਿੱਚ ਹਵਾਲਾ ਦਿੱਤੇ ਅਧਿਕਾਰੀਆਂ ਵਿੱਚੋਂ ਸਭ ਤੋਂ ਸੀਨੀਅਰ ਅਧਿਕਾਰੀ, ਅਪੀਲੀ ਅਥਾਰਟੀ ਦੀ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(4) ਅਪੀਲੀ ਅਥਾਰਟੀ ਸਬੰਧਤ ਵਿਅਕਤੀ/ਵਿਅਕਤੀਆਂ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ, ਅਪੀਲ ਦਾਇਰ ਕਰਨ ਦੀ ਤਰੀਕ ਤੋਂ ਤਿੰਨ ਮਹੀਨੇ ਦੇ ਅੰਦਰ ਅਪੀਲ ਦਾ ਫ਼ੈਸਲਾ ਕਰੇਗੀ ਅਤੇ ਆਪਣੇ ਫ਼ੈਸਲੇ ਦੀ ਇੱਕ ਨਕਲ ਸਿੱਖਿਅਕ ਸੰਸਥਾ ਦੇ ਮੁੱਖੀ ਨੂੰ ਭੇਜੇਗੀ।

(5) ਅਪੀਲੀ ਅਥਾਰਟੀ ਦਾ ਹੁਕਮ ਅੰਤਿਮ ਹੋਵੇਗਾ ਅਤੇ ਸਾਰੀਆਂ ਸਿੱਖਿਅਕ ਸੰਸਥਾਵਾਂ ਅਤੇ ਅਜਿਹੀਆਂ ਸਿੱਖਿਅਕ ਸੰਸਥਾਵਾਂ ਦੀਆਂ ਰੈਗਿੰਗ ਵਿਰੋਧੀ ਕਮੇਟੀਆਂ ਤੇ ਬੰਧਨਕਾਰੀ ਹੋਵੇਗਾ।

ਰਾਜ ਸਰਕਾਰ ਦੀ ਨਿਰਦੇਸ਼ ਦੇਣ ਦੀ ਸ਼ਕਤੀ।

7. ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਉਪਬੰਧਤ ਉਲਟ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਜਨਤਕ ਹਿੱਤ ਵਿੱਚ, ਉਸ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ ਲਿਖਤੀ ਹੁਕਮ ਰਾਹੀਂ, ਰੈਗਿੰਗ ਦੀ ਰੋਕਥਾਮ ਲਈ ਅਜਿਹੀਆਂ ਸੰਸਥਾਵਾਂ ਦੁਆਰਾ ਪਾਲਣਾ ਕਰਨ ਲਈ ਸਿੱਖਿਅਕ ਸੰਸਥਾਵਾਂ ਨੂੰ ਆਮ ਹਦਾਇਤਾਂ ਦੇ ਸਕੇਗੀ।

8. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕਦੀ ਹੈ। ਨਿਯਮ ਬਣਾਉਣ ਦੀ ਸ਼ਕਤੀ।

9. ਇਸ ਐਕਟ ਦੀ ਧਾਰਾ 8 ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਤੋਂ ਨ ਘੱਟ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਵਿਧਾਨ ਸਭਾ ਉਸ ਨਿਯਮ ਵਿੱਚ ਕੋਈ ਰੂਪਭੇਦ ਕਰ ਦਿੰਦੀ ਹੈ ਜਾਂ ਫ਼ੈਸਲਾ ਕਰ ਦਿੰਦੀ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ, ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ। ਫਿਰ ਵੀ, ਅਜਿਹੇ ਕਿਸੇ ਰੂਪਭੇਦ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ। ਨਿਯਮਾਂ ਅਤੇ ਹੁਕਮਾਂ ਨੂੰ ਰੱਖਣਾ।

ਦੇਵਿੰਦਰ ਕੁਮਾਰ ਗੁਪਤਾ,
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3498/9-2025/Pb. Govt. Press, S.A.S. Nagar*

**ਭਾਗ–IV**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 12 ਸਤੰਬਰ, 2025

ਨੰ: 39/ਭ.ਕ./2025.– ਪੰਜਾਬ ਕਰੱਸ਼ਰ ਯੂਨਿਟਾਂ ਅਤੇ ਸਟਾਕਿਸਟਾਂ ਅਤੇ ਫੁਟਕਲ ਵਿਕਰੇਤਿਆਂ ਦਾ ਵਿਨਿਯਮ ਐਕਟ, 2025 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 12th September, 2025

**No. 39/L.C./2025.-** The Translation in Punjabi of the Punjab Regulation of Crusher Units, and Stockists and Retailers Act, 2025 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਕਰੱਸ਼ਰ ਯੂਨਿਟਾਂ ਅਤੇ ਸਟਾਕਿਸਟਾਂ ਅਤੇ ਫੁਟਕਲ ਵਿਕਰੇਤਿਆਂ ਦਾ ਵਿਨਿਯਮ ਐਕਟ, 2025**

(2025 ਦਾ ਪੰਜਾਬ ਐਕਟ ਨੰ: 6)

ਛੋਟੇ ਖਣਿਜਾਂ ਨੂੰ ਪ੍ਰੋਸੈਸ ਕਰਨ ਵਿੱਚ ਲੱਗੇ ਕਰੱਸ਼ਰ ਯੂਨਿਟਾਂ ਅਤੇ ਸਟਾਕਿਸਟਾਂ ਅਤੇ ਫੁਟਕਲ ਵਿਕਰੇਤਿਆਂ ਦੀਆਂ ਕਿਰਿਆਵਾਂ ਨੂੰ ਵਿਨਿਯਮਤ ਕਰਨ ਲਈ ਇੱਕ ਐਕਟ, ਜਿਵੇਂ ਖਾਣ ਅਤੇ ਖਣਿਜ (ਵਿਕਾਸ ਅਤੇ ਵਿਨਿਯਮਨ) ਐਕਟ, 1957 (1957 ਦਾ ਕੇਂਦਰੀ ਐਕਟ ਨੰ: 67) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ।

ਭਾਰਤ ਗਣਰਾਜ ਦੇ ਛਿਅੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਕਰੱਸ਼ਰ ਯੂਨਿਟਾਂ ਅਤੇ ਸਟਾਕਿਸਟਾਂ ਅਤੇ ਫੁਟਕਲ ਵਿਕਰੇਤਿਆਂ ਦਾ ਵਿਨਿਯਮਨ ਐਕਟ, 2025 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ 'ਤੇ ਹੋਵੇਗਾ।

(3) ਇਹ ਉਸ ਤਰੀਕ ਤੋਂ ਨਾਫ਼ਜ਼ ਹੋਵੇਗਾ ਜਿਵੇਂ ਸਰਕਾਰ, ਅਧਿਸੂਚਨਾ ਦੁਆਰਾ ਨਿਯਤ ਕਰੇ।

2. (1) ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਨਿਰਧਾਰਕ ਅਥਾਰਟੀ" ਦਾ ਮਤਲਬ ਹੈ ਜ਼ਿਲ੍ਹਾ ਖਾਣ ਅਧਿਕਾਰੀ ਅਤੇ ਇਸ ਵਿੱਚ ਅਜਿਹਾ ਹੋਰ ਅਧਿਕਾਰੀ ਸ਼ਾਮਲ ਹੈ, ਜਿਵੇਂ ਡਾਇਰੈਕਟਰ ਦੁਆਰਾ ਇਸ ਐਕਟ ਜਾਂ ਇਸ

ਅਧੀਨ ਬਣਾਏ ਗਏ ਨਿਯਮਾਂ ਅਧੀਨ ਨਿਰਧਾਰਣ ਕਰਨ ਲਈ ਅਧਿਕਾਰਤ ਕੀਤਾ ਜਾਵੇ;

(ਅ) "ਕੈਲੰਡਰ ਸਾਲ" ਤੋਂ ਮਤਲਬ ਹੈ ਗ੍ਰਿਗੋਰੀਅਨ ਕੈਲੰਡਰ ਵਿੱਚ 1 ਜਨਵਰੀ ਤੋਂ 31 ਦਸੰਬਰ ਤੱਕ ਦੀ ਮੁੱਦਤ;

(ੲ) "ਕਰੱਸ਼ਰ ਮਾਲਕ" ਵਿੱਚ ਹੇਠ-ਲਿਖੇ ਸ਼ਾਮਲ ਹਨ,-

(i) ਇਕੱਲੀ ਮਾਲਕੀ ਦੀ ਸੂਰਤ ਵਿੱਚ ਕਰੱਸ਼ਰ ਯੂਨਿਟ ਦਾ ਮਾਲਕ;

(ii) ਕਰੱਸ਼ਰ ਯੂਨਿਟ ਨੂੰ ਇੱਕ ਕੰਪਨੀ ਦੇ ਤੌਰ ਤੇ ਨਿਗਮਨ ਕਰਨ ਦੀ ਸੂਰਤ ਵਿੱਚ ਡਾਇਰੈਕਟਰ;

(iii) ਕਰੱਸ਼ਰ ਯੂਨਿਟ ਨੂੰ ਇੱਕ ਫ਼ਰਮ ਜਾਂ ਭਾਈਵਾਲੀ ਦੇ ਤੌਰ ਤੇ ਨਿਗਮਨ ਕਰਨ ਦੀ ਸੂਰਤ ਵਿੱਚ ਭਾਈਵਾਲ;

(iv) ਕਰੱਸ਼ਰ ਯੂਨਿਟ ਨੂੰ ਇੱਕ ਟਰੱਸਟ ਦੇ ਤੌਰ ਤੇ ਨਿਗਮਨ ਕਰਨ ਦੀ ਸੂਰਤ ਵਿੱਚ ਟਰੱਸਟੀ;

(v) ਕਰੱਸ਼ਰ ਯੂਨਿਟ ਨੂੰ ਇੱਕ ਸੋਸਾਇਟੀ ਦੇ ਤੌਰ ਤੇ ਨਿਗਮਨ ਕਰਨ ਦੀ ਸੂਰਤ ਵਿੱਚ ਮੈਂਬਰ; ਅਤੇ

(vi) ਕਰੱਸ਼ਰ ਯੂਨਿਟ ਦਾ ਪੱਟੇਦਾਰ ਅਤੇ ਪੱਟਾਦਾਤਾ;

(ਸ) "ਕਰੱਸ਼ਰ ਯੂਨਿਟ" ਦਾ ਮਤਲਬ ਹੈ ਛੋਟੇ ਖਣਿਜਾਂ ਦੀ ਪ੍ਰੋਸੈਸਿੰਗ ਲਈ ਸਥਾਪਤ ਇੱਕ ਉਦਯੋਗਿਕ ਇਕਾਈ, ਜਿਸ ਨੂੰ ਇਕੱਲੀ ਮਾਲਕੀ ਜਾਂ ਭਾਈਵਾਲੀ ਜਾਂ ਇੱਕ ਕੰਪਨੀ ਜਾਂ ਇੱਕ ਟਰੱਸਟ ਜਾਂ ਇੱਕ ਸੁਸਾਇਟੀ ਵਜੋਂ ਉਚਿਤ ਤੌਰ ਤੇ ਨਿਗਮਤ ਕੀਤਾ ਗਿਆ ਹੈ, ਅਤੇ ਇਸ ਵਿੱਚ ਸਕਰੀਨਿੰਗ ਪਲਾਂਟ ਸ਼ਾਮਲ ਹੋਣਗੇ;

(ਹ) "ਸਰਕਾਰੀ ਬਕਾਏ ਦੀ ਕੋਤਾਹੀ" ਦਾ ਮਤਲਬ ਹੈ ਕਿਸੇ ਵੀ ਸਰਕਾਰੀ ਬਕਾਏ ਦੀ ਅਦਾਇਗੀ ਵਿੱਚ ਕੋਤਾਹੀ ਜਾਂ ਸਰਕਾਰੀ ਬਕਾਏ ਦੀ ਕਿਸੇ ਵੀ ਇਜਾਜ਼ਤ ਪ੍ਰਾਪਤ ਕਿਸ਼ਤ ਦੀ

ਸਮੇਂ ਸਿਰ ਅਦਾਇਗੀ ਵਿੱਚ ਕੋਤਾਹੀ, ਜੋ ਕਿਸੇ ਨਿਰਧਾਰਣ ਹੁਕਮ ਦੇ ਨਤੀਜੇ ਵਜੋਂ ਉਤਪੰਨ ਹੋਏ ਹਨ ਅਤੇ ਜਿਸ ਲਈ ਇੱਕ ਕਰੱਸ਼ਰ ਯੂਨਿਟ ਜਾਂ ਸਟਾਕਿਸਟ ਅਤੇ ਫੁਟਕਲ ਵਿਕਰੇਤਾ ਨੂੰ ਉਚਿਤ ਨੋਟਿਸ ਜਾਰੀ ਕਰਕੇ ਤੁਰੰਤ ਅਦਾਇਗੀ ਕਰਨ ਲਈ ਕਿਹਾ ਗਿਆ ਹੈ;

(ਕ) "ਵਿਭਾਗ" ਦਾ ਮਤਲਬ ਹੈ ਖਾਣ ਅਤੇ ਭੂ-ਵਿਗਿਆਨ ਵਿਭਾਗ, ਪੰਜਾਬ ਸਰਕਾਰ;

(ਖ) "ਵਿਉਂਤਪੰਨ ਪਦਾਰਥ" ਦਾ ਮਤਲਬ ਹੈ ਕਿਸੇ ਵੀ ਕਰੱਸ਼ਰ ਯੂਨਿਟ ਵਿੱਚ ਛੋਟੇ ਖਣਿਜਾਂ ਦੀ ਪ੍ਰੋਸੈਸਿੰਗ ਤੋਂ ਬਾਅਦ ਪ੍ਰਾਪਤ ਕੀਤੇ ਗਏ ਕੋਈ ਜਾਂ ਸਾਰੇ ਉਤਪਾਦ;

(ਗ) "ਡਾਇਰੈਕਟਰ" ਦਾ ਮਤਲਬ ਹੈ ਡਾਇਰੈਕਟਰ, ਖਾਣਾਂ ਅਤੇ ਭੂ-ਵਿਗਿਆਨ, ਪੰਜਾਬ ਸਰਕਾਰ;

(ਘ) "ਜ਼ਿਲ੍ਹਾ ਖਾਣ ਅਧਿਕਾਰੀ" ਦਾ ਮਤਲਬ ਹੈ ਇਸ ਐਕਟ ਦੇ ਪ੍ਰਯੋਜਨਾਂ ਲਈ ਸਰਕਾਰ ਦੁਆਰਾ ਨਿਯੁਕਤ ਜ਼ਿਲ੍ਹਾ ਪੱਧਰੀ ਅਧਿਕਾਰੀ;

(ਙ) "ਵਾਤਾਵਰਣ ਪ੍ਰਬੰਧਨ ਫ਼ੰਡ" (ਈ.ਐਮ.ਐਫ.) ਦਾ ਮਤਲਬ ਹੈ ਉਹ ਫ਼ੰਡ ਜਿਸ ਵਿੱਚ ਇਸ ਐਕਟ ਅਧੀਨ ਕਰੱਸ਼ਰ ਮਾਲਕ ਤੋਂ ਵਸੂਲੀ ਗਈ ਰਕਮ ਜਮ੍ਹਾਂ ਕੀਤੀ ਜਾਵੇਗੀ, ਜਿਸ ਦੀ ਵਰਤੋਂ ਸਮੇਂ-ਸਮੇਂ ਤੇ ਸੋਧੇ ਗਏ ਪੰਜਾਬ ਛੋਟੇ ਖਣਿਜ ਨਿਯਮ, 2013 ਦੇ ਉਪਬੰਧਾਂ ਅਨੁਸਾਰ ਕੀਤੀ ਜਾਵੇਗੀ;

(ਚ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਖਾਣਾਂ ਅਤੇ ਭੂ-ਵਿਗਿਆਨ ਵਿਭਾਗ;

(ਛ) "ਸਰਕਾਰੀ ਬਕਾਏ" ਦਾ ਮਤਲਬ ਹੈ ਛੋਟੇ ਖਣਿਜਾਂ ਅਤੇ ਉਨ੍ਹਾਂ ਦੇ ਕੋਈ ਵਿਉਂਤਪੰਨ ਪਦਾਰਥਾਂ ਦੀ ਖੁਦਾਈ, ਖਰੀਦ, ਵਿਕਰੀ ਅਤੇ ਪ੍ਰੋਸੈਸਿੰਗ ਦੇ ਸਬੰਧ ਵਿੱਚ ਕੋਈ ਅਣ-ਅਦਾ ਫ਼ੀਸ, ਕਰ,

ਰਾਇਲਟੀ, ਡੰਨ ਜਾਂ ਪੰਜਾਬ ਸਰਕਾਰ ਦੁਆਰਾ ਲਗਾਇਆ ਗਿਆ ਕੋਈ ਹੋਰ ਚਾਰਜ ਅਤੇ ਇਸ ਵਿੱਚ ਇਸ ਐਕਟ ਦੇ ਅਰੰਭ ਹੋਣ ਤੇ ਕਰੱਸ਼ਰ ਯੂਨਿਟ ਜਾਂ ਸਟਾਕਿਸਟ ਅਤੇ ਫੁਟਕਲ ਵਿਕਰੇਤਾ ਤੋਂ ਕੋਈ ਵੀ ਵਸੂਲੀਯੋਗ ਸ਼ਾਮਲ ਹੋਣਗੇ;

(ਜ) "ਗੈਰ-ਕਾਨੂੰਨੀ ਖਾਣਾਂ ਪੁੱਟਣਾ" ਦਾ ਮਤਲਬ ਹੈ ਗੈਰ-ਕਾਨੂੰਨੀ ਖੁਦਾਈ ਅਤੇ ਛੋਟੇ ਖਣਿਜਾਂ ਦੀ ਵਿਕਰੀ ਨਾਲ ਸਹਿਯੁਕਤ ਕੋਈ ਸਰਗਰਮੀ;

(ਝ) "ਗੈਰ-ਕਾਨੂੰਨੀ ਪ੍ਰੋਸੈਸਿੰਗ" ਦਾ ਮਤਲਬ ਹੈ ਇੱਕ ਕਰੱਸ਼ਰ ਯੂਨਿਟ ਦੁਆਰਾ ਗੈਰ-ਕਾਨੂੰਨੀ ਤੌਰ ਤੇ ਖੁਦਾਈ ਕੀਤੇ ਜਾਂ ਗੈਰ-ਕਾਨੂੰਨੀ ਤੌਰ ਤੇ ਪ੍ਰਾਪਤ ਕੀਤੇ ਜਾਂ ਗੈਰ-ਕਾਨੂੰਨੀ ਤੌਰ ਤੇ ਖਰੀਦੇ ਗਏ ਛੋਟੇ ਖਣਿਜਾਂ ਦੀ ਪ੍ਰੋਸੈਸਿੰਗ ਲਈ ਕੀਤੀ ਗਈ ਕੋਈ ਸਰਗਰਮੀ;

(ਞ) "ਗੈਰ-ਕਾਨੂੰਨੀ ਖਰੀਦ" ਦਾ ਮਤਲਬ ਹੈ ਖਰੀਦ ਦੇ ਕਿਸੇ ਜਾਇਜ਼ ਸਬੂਤ ਤੋਂ ਬਿਨਾਂ ਛੋਟੇ ਖਣਿਜਾਂ ਦੀ ਖਰੀਦ ਜਾਂ ਕਬਜ਼ਾ;

(ਟ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਠ) "ਰਜਿਸਟਰੀਕਰਨ" ਦਾ ਮਤਲਬ ਹੈ ਇੱਕ ਕਰੱਸ਼ਰ ਯੂਨਿਟ ਦਾ ਵਿਭਾਗ ਨਾਲ ਰਜਿਸਟਰੀਕਰਨ;

(ਡ) "ਵਿਵਰਣ" ਦਾ ਮਤਲਬ ਹੈ ਅਜਿਹੇ ਰੂਪ ਵਿੱਚ ਕਿਸੇ ਲੇਖੇ ਦਾ ਵਿਵਰਣ, ਜਿਵੇਂ ਮੁਕੱਰਰ ਕੀਤਾ ਜਾਵੇ;

(ਢ) "ਸਟਾਕ" ਦਾ ਮਤਲਬ ਹੈ ਕਰੱਸ਼ਰ ਯੂਨਿਟ ਜਾਂ ਸਟਾਕਿਸਟ ਅਤੇ ਫੁਟਕਲ ਵਿਕਰੇਤਾ ਕੋਲ ਪਈ ਗੈਰ-ਪ੍ਰੋਸੈਸਡ ਰੇਤ ਜਾਂ ਬਜਰੀ ਜਾਂ ਵਿਉਂਤਪੰਨ ਪਦਾਰਥ; ਅਤੇ

(ਣ) "ਸਟਾਕਸਿਟ ਅਤੇ ਫੁਟਕਲ ਵਿਕਰੇਤਾ" ਦਾ ਮਤਲਬ ਹੈ ਕੋਈ ਵੀ ਕਾਨੂੰਨੀ ਹਸਤੀ ਜੋ ਕਿਸੇ ਖਾਣ ਦੇ ਪਿਟ ਹੈੱਡ ਜਾਂ ਕਰੱਸ਼ਰ ਯੂਨਿਟ ਤੋਂ ਇਲਾਵਾ ਕਿਸੇ ਹੋਰ ਜਗ੍ਹਾ ਤੇ ਛੋਟੇ ਖਣਿਜਾਂ ਅਤੇ ਵਿਉਂਤਪੰਨ ਪਦਾਰਥਾਂ ਦੀ ਵਿਕਰੀ ਅਤੇ ਖਰੀਦ ਵਿੱਚ ਲੱਗੀ ਹੋਈ ਹੈ।

(2) ਜਦੋਂ ਤੱਕ ਹੋਰ ਤਰ੍ਹਾਂ ਪਰਿਭਾਸ਼ਤ ਨਾ ਕੀਤਾ ਗਿਆ ਹੋਵੇ, ਇਸ ਐਕਟ ਵਿੱਚ ਵਰਤੇ ਗਏ ਸ਼ਬਦਾਂ ਅਤੇ ਪਦਾਂ ਦੇ ਉਹੀ ਅਰਥ ਹੋਣਗੇ ਜੋ ਉਨ੍ਹਾਂ ਨੂੰ ਕ੍ਰਮਵਾਰ ਖਾਣ ਅਤੇ ਖਣਿਜ (ਵਿਕਾਸ ਅਤੇ ਵਿਨਿਯਮਨ) ਐਕਟ, 1957 (1957 ਦਾ ਕੇਂਦਰੀ ਐਕਟ ਨੰ: 67) ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਵਿੱਚ ਦਿੱਤੇ ਗਏ ਹਨ।

ਭਾਗ-II

ਕਰੱਸ਼ਰ ਯੂਨਿਟਾਂ ਦਾ ਰਜਿਸਟਰੀਕਰਨ।

3. (1) ਹਰੇਕ ਕਰੱਸ਼ਰ ਯੂਨਿਟ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਵਿਭਾਗ ਨਾਲ ਆਪਣੇ ਆਪ ਨੂੰ ਅਜਿਹੇ ਰੂਪ ਅਤੇ ਅਜਿਹੇ ਤਰੀਕੇ ਨਾਲ ਰਜਿਸਟਰ ਕਰੇ, ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ।

(2) ਇਕੱਲੀ ਮਾਲਕੀ ਅਤੇ ਫਰਮਾਂ ਦੀ ਸੂਰਤ ਵਿੱਚ ਕਿਸੇ ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਨਾਕਾਬਲ ਇੰਤਕਾਲ ਹੋਵੇਗਾ।

(3) ਕਰੱਸ਼ਰ ਯੂਨਿਟ ਦਾ ਕਰੱਸ਼ਰ ਯੂਨਿਟ ਰਜਿਸਟਰੀਕਰਨ ਨੰਬਰ (ਸੀ.ਯੂ.ਆਰ.ਐੱਨ.) ਵਿਲੱਖਣ ਹੋਵੇਗਾ। ਕਰੱਸ਼ਰ ਮਾਲਕਾਂ ਵਿੱਚ ਕੋਈ ਤਬਦੀਲੀ ਹੋਣ ਤੇ ਵੀ ਰਜਿਸਟਰੀਕਰਨ ਨੰਬਰ ਅਪਰਿਵਰਤਨਸ਼ੀਲ ਰਹੇਗਾ।

(4) ਵਿਭਾਗ ਕਰੱਸ਼ਰ ਯੂਨਿਟਾਂ ਦੇ ਰਜਿਸਟਰੀਕਰਨ ਲਈ ਇੱਕ ਸਹਿਜ ਆਨਲਾਈਨ ਪੋਰਟਲ ਸਥਾਪਤ ਕਰਨ ਦਾ ਯਤਨ ਕਰੇਗਾ।

(5) ਕਿਸੇ ਵੀ ਰਜਿਸਟਰੀਕਰਨ ਦੀ ਜਾਇਜ਼ਤਾ ਇੱਕ ਕੈਲੰਡਰ ਸਾਲ ਜਾਂ ਅਜਿਹੀ ਮੁੱਦਤ ਦੇ ਗੁਜ਼ਰਨ ਤੇ ਖਤਮ ਹੋ ਜਾਵੇਗੀ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

(6) ਵਿਭਾਗ ਕਿਸੇ ਵੀ ਕਰੱਸ਼ਰ ਯੂਨਿਟ ਨੂੰ ਰਜਿਸਟਰ ਕਰਨ ਤੋਂ ਇਨਕਾਰ ਕਰ ਸਕਦਾ ਹੈ ਜੋ,-

(ੳ) ਇਸ ਐਕਟ ਅਧੀਨ ਜਾਰੀ ਕੀਤੇ ਕਿਸੇ ਨਿਦੇਸ਼ ਜਾਂ ਲਾਜ਼ਮੀ ਲੋੜਾਂ ਦੀ ਪੂਰਤੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਜਿਵੇਂ ਮੁਕੱਰਰ ਕੀਤਾ ਜਾਵੇ;

(ਅ) ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਕਰਦਾ ਹੈ; ਜਾਂ

(ੲ) ਇਸ ਐਕਟ ਅਧੀਨ ਲਾਜ਼ਮੀ ਕਿਸੇ ਸਰਕਾਰੀ ਬਕਾਏ ਦੀ ਅਦਾਇਗੀ ਵਿੱਚ ਕੁਤਾਹੀ ਕਰਦਾ ਹੈ।

(7) ਇਸ ਐਕਟ ਦੇ ਨਾਫ਼ਜ਼ ਹੋਣ ਤੋਂ ਪਹਿਲਾਂ ਵਿਭਾਗ ਨਾਲ ਰਜਿਸਟਰਸ਼ੁਦਾ ਕੋਈ ਵੀ ਕਰੱਸ਼ਰ ਯੂਨਿਟ, ਆਪਣੇ ਰਜਿਸਟਰੀਕਰਨ ਦੀ ਬਾਕੀ ਮੁੱਦਤ ਲਈ ਰਜਿਸਟਰਸ਼ੁਦਾ ਰਹੇਗਾ, ਜਦੋਂ ਤੱਕ ਕਿ ਇਸ ਐਕਟ ਦੀ ਧਾਰਾ 9 ਅਧੀਨ ਇਸ ਨੂੰ ਪਹਿਲਾਂ ਹੀ ਸਮਾਪਤ ਨਹੀਂ ਕੀਤਾ ਜਾਂਦਾ।

(8) ਇਸ ਐਕਟ ਦੇ ਨਾਫ਼ਜ਼ ਹੋਣ ਦੀ ਤਰੀਕ ਤੋਂ, ਹਰੇਕ ਕਰੱਸ਼ਰ ਯੂਨਿਟ ਨੂੰ ਆਪਣੀਆਂ ਕਿਰਿਆਵਾਂ ਇਸ ਐਕਟ ਦੇ ਉਪਬੰਧਾਂ ਦੀ ਅਨੁਰੂਪਤਾ ਵਿੱਚ ਲਿਆਉਣ ਲਈ ਉਸ ਦੇ ਵਿਰੁੱਧ ਕੋਈ ਦੰਡਕ ਕਾਰਵਾਈਆਂ ਸ਼ੁਰੂ ਕਰਨ ਤੋਂ ਪਹਿਲਾਂ, ਤਿੰਨ ਮਹੀਨਿਆਂ ਦੀ ਮੁੱਦਤ ਦਿੱਤੀ ਜਾਵੇਗੀ।

ਫ਼ੀਸ ਅਤੇ ਅਦਾਇਗੀਆਂ।

4. (1) ਸਰਕਾਰ, ਸਮੇਂ-ਸਮੇਂ ਤੇ ਇੱਕ ਕਰੱਸ਼ਰ ਯੂਨਿਟ ਦੁਆਰਾ ਅਦਾ ਕੀਤੀ ਜਾਣ ਵਾਲੀ ਫ਼ੀਸ ਮੁਕੱਰਰ ਕਰੇਗੀ,-

(ੳ) ਰਜਿਸਟਰੀਕਰਨ ਲਈ;

(ਅ) ਰਜਿਸਟਰੀਕਰਨ ਨਵਿਆਉਣ ਲਈ; ਅਤੇ

(ੲ) ਕਿਸੇ ਵੀ ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਦੇਰੀ ਨਾਲ ਨਵਿਆਉਣ ਲਈ।

(2) ਬਿਨਾਂ ਫ਼ੀਸ ਦਿੱਤੀ ਗਈ ਕੋਈ ਵੀ ਦਰਖ਼ਾਸਤ ਸਰਸਰੀ ਵਿਚਾਰ ਉਪਰੰਤ ਰੱਦ ਕਰ ਦਿੱਤੀ ਜਾਵੇਗੀ।

(3) ਸਰਕਾਰ, ਸਮੇਂ-ਸਮੇਂ 'ਤੇ, ਕਰੱਸ਼ਰ ਯੂਨਿਟ ਦੇ ਚੱਲਣ ਅਤੇ ਇਸ ਵੱਲ ਅਤੇ ਇਸ ਤੋਂ ਛੋਟੇ ਖਣਿਜਾਂ ਅਤੇ ਵਿਉਂਤਪੰਨ ਪਦਾਰਥਾਂ ਦੀ ਆਵਾਜਾਈ ਦੇ ਨਤੀਜੇ

ਵਜੋਂ ਸੜਕਾਂ ਜਾਂ ਜਲ ਮਾਰਗਾਂ ਆਦਿ ਦੇ ਬੁਨਿਆਦੀ ਢਾਂਚੇ ਨੂੰ ਪਹੁੰਚਣ ਵਾਲੇ ਨੁਕਸਾਨ ਦੇ ਪ੍ਰਯੋਜਨ ਲਈ ਕਰੱਸ਼ਰ ਯੂਨਿਟ ਦੁਆਰਾ ਅਦਾ ਕੀਤੀ ਜਾਣ ਵਾਲੀ ਖਣਿਜ ਪ੍ਰੋਸੈਸਿੰਗ ਫ਼ੀਸ ਮੁਕੱਰਰ ਕਰ ਸਕਦੀ ਹੈ।

(4) ਜਿੱਥੇ ਸਰਕਾਰ ਇਸ ਐਕਟ ਅਧੀਨ ਕੋਈ ਜਾਂ ਸਾਰੇ ਕਾਰਜ ਰਾਜ ਸਰਕਾਰ ਦੁਆਰਾ ਸਥਾਪਤ ਕਿਸੇ ਬੋਰਡ ਜਾਂ ਨਿਗਮ ਨੂੰ ਸੌਂਪਦੀ ਹੈ, ਉੱਥੇ ਸਰਕਾਰ ਸਮੇਂ-ਸਮੇਂ 'ਤੇ, ਇੱਕ ਕਰੱਸ਼ਰ ਯੂਨਿਟ ਦੁਆਰਾ ਅਜਿਹੇ ਬੋਰਡ ਜਾਂ ਨਿਗਮ ਨੂੰ ਅਦਾ ਕੀਤੀ ਜਾਣ ਵਾਲੀ ਸਲਾਨਾ ਪ੍ਰਸ਼ਾਸਨ ਫ਼ੀਸ ਮੁਕੱਰਰ ਕਰ ਸਕਦੀ ਹੈ।

ਵਾਤਾਵਰਣ ਪ੍ਰਬੰਧਨ ਫ਼ੰਡ।

5. (1) ਹਰੇਕ ਕਰੱਸ਼ਰ ਯੂਨਿਟ ਅਜਿਹੇ ਕਰੱਸ਼ਰ ਯੂਨਿਟ ਦੇ ਅਮਲ ਕਾਰਨ ਹੋਣ ਵਾਲੇ ਵਾਤਾਵਰਣ ਨੁਕਸਾਨ ਦੇ ਲਈ, ਸਰਕਾਰ ਦੁਆਰਾ ਸਥਾਪਤ ਵਾਤਾਵਰਣ ਪ੍ਰਬੰਧਨ ਫ਼ੰਡ ਵਿੱਚ ਮੁਕੱਰਰ ਕੀਤੀ ਗਈ ਅਜਿਹੀ ਰਕਮ ਅਦਾ ਕਰਨ ਲਈ ਭਾਗੀ ਹੋਵੇਗਾ, ਜਿਵੇਂ ਮੁਕੱਰਰ ਕੀਤੀ ਹੋਵੇ:

ਪ੍ਰੰਤੂ ਜਿੱਥੇ ਕਰੱਸ਼ਰ ਯੂਨਿਟ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਇੱਕ ਸਰਟੀਫਿਕੇਟ ਪ੍ਰਾਪਤ ਕਰਦਾ ਹੈ ਕਿ ਇਹ ਇੱਕ ਗੈਰ-ਪ੍ਰਦੂਸ਼ਣਕਾਰੀ ਉਦਯੋਗਿਕ ਇਕਾਈ ਹੈ, ਉੱਥੇ ਅਜਿਹੀ ਕੋਈ ਰਕਮ ਉਸ ਦੁਆਰਾ ਅਦਾ ਨਹੀਂ ਕੀਤੀ ਜਾਵੇਗੀ।

(2) ਹਰੇਕ ਕਰੱਸ਼ਰ ਯੂਨਿਟ ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਸਮੇਂ-ਸਮੇਂ 'ਤੇ ਨਾਫ਼ਜ਼ ਕਿਸੇ ਵੀ ਨੀਤੀ ਦੇ ਅਧੀਨ ਵਾਤਾਵਰਣ ਪ੍ਰਬੰਧਨ ਫ਼ੰਡ ਵਿੱਚ ਅਦਾ ਕੀਤੀ ਜਾਣ ਵਾਲੀ ਕੋਈ ਨਿਰਧਾਰਤ ਰਕਮ ਅਦਾ ਕਰਨ ਲਈ ਭਾਗੀ ਬਣਿਆ ਰਹੇਗਾ।

(3) ਉਪ-ਧਾਰਾ (2) ਅਧੀਨ ਦੇਣਦਾਰੀਆਂ ਵਾਲਾ ਕੋਈ ਕਰੱਸ਼ਰ ਯੂਨਿਟ, ਇਸ ਐਕਟ ਦੇ ਅਰੰਭ ਹੋਣ ਜਾਂ ਅਜਿਹੀ ਦੇਣਦਾਰੀ ਦੇ ਨਿਰਧਾਰਨ ਦੇ ਤਿੰਨ ਮਹੀਨਿਆਂ ਦੇ ਅੰਦਰ, ਜੋ ਵੀ ਬਾਅਦ ਵਿੱਚ ਹੋਵੇ, ਅਜਿਹੀਆਂ ਬਕਾਇਆ ਦੇਣਦਾਰੀਆਂ ਨੂੰ ਵਾਤਾਵਰਣ ਪ੍ਰਬੰਧਨ ਫ਼ੰਡ ਵਿੱਚ ਅਦਾ ਕਰੇਗਾ, ਅਜਿਹਾ ਕਰਨ ਤੇ ਅਸਫ਼ਲ ਹੋਣ ਤੇ ਇਸ ਦਾ ਰਜਿਸਟਰੀਕਰਨ ਸਮਾਪਤ ਹੋਇਆ ਸਮਝਿਆ ਜਾਵੇਗਾ।

**ਕਰੱਸ਼ਰ ਯੂਨਿਟ ਵਜੋਂ ਰਜਿਸਟਰਸ਼ੁਦਾ ਹੋਣ ਦੀ ਪਾਤਰਤਾ।**

6. (1) ਕੋਈ ਕਰੱਸ਼ਰ ਯੂਨਿਟ, ਜਿਸ ਦੇ ਕੋਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਜਾਇਜ਼ ਸੰਚਾਲਣ ਲਈ ਸੰਮਤੀ ਹੋਵੇ, ਵਿਭਾਗ ਕੋਲ ਰਜਿਸਟਰੀਕਰਨ ਲਈ ਬਿਨੈ-ਪੱਤਰ ਦੇਣ ਲਈ ਪਾਤਰ ਹੋਵੇਗਾ।

(2) ਕਰੱਸ਼ਰ ਯੂਨਿਟ ਦੇ ਰਜਿਸਟਰੀਕਰਨ ਲਈ ਦਰਖ਼ਾਸਤ ਦੇਣ ਵਾਲੀ ਹਰੇਕ ਕਾਨੂੰਨੀ ਹਸਤੀ ਕੋਲ,-

(ੳ) ਆਮਦਨ ਕਰ ਵਿਭਾਗ ਦੁਆਰਾ ਜਾਰੀ ਕੀਤਾ ਗਿਆ ਸਥਾਈ ਲੇਖਾ ਨੰਬਰ (ਪੀ.ਏ.ਐਨ.) ਹੋਵੇਗਾ;

(ਅ) ਵਸਤਾਂ ਅਤੇ ਸੇਵਾਵਾਂ ਟੈਕਸ ਪਛਾਣ ਨੰਬਰ (ਜੀ.ਐਸ.ਟੀ.ਆਈ.ਐਨ.) ਹੋਵੇਗਾ; ਅਤੇ

(3) ਅਜਿਹੇ ਹੋਰ ਮਾਨ-ਦੰਡ ਪੂਰੇ ਕਰੇਗਾ, ਜਿਵੇਂ ਮੁਕੱਰਰ ਕੀਤੇ ਗਏ ਹੋਣ।

**ਕਰੱਸ਼ਰ ਯੂਨਿਟ ਦੇ ਰਜਿਸਟਰੀਕਰਨ ਦਾ ਨਵਿਆਉਣਾ।**

7. (1) ਹਰੇਕ ਕਰੱਸ਼ਰ ਯੂਨਿਟ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਆਪਣੇ ਰਜਿਸਟਰੀਕਰਨ ਦੇ ਨਵਿਆਉਣ ਲਈ ਇਸ ਦੇ ਗੁਜ਼ਰਣ ਤੋਂ ਘੱਟੋ-ਘੱਟ ਪੰਤਾਲੀ ਦਿਨ ਪਹਿਲਾਂ ਅਜਿਹੇ ਰੂਪ ਅਤੇ ਤਰੀਕੇ ਨਾਲ ਅਪਲਾਈ ਕਰੇ, ਜਿਵੇਂ ਕਿ ਮੁਕੱਰਰ ਕੀਤਾ ਗਿਆ ਹੋਵੇ:

ਪਰੰਤੂ ਰਜਿਸਟਰੀਕਰਨ ਦੇ ਨਵਿਆਉਣ ਲਈ ਰਜਿਸਟਰੀਕਰਨ ਦੇ ਗੁਜ਼ਰਨ ਤੋਂ ਪੰਤਾਲੀ ਦਿਨਾਂ ਤੋਂ ਘੱਟ ਸਮੇਂ ਪਹਿਲਾਂ ਪ੍ਰਾਪਤ ਹੋਈ ਕੋਈ ਦਰਖ਼ਾਸਤ, ਰਜਿਸਟਰੀਕਰਨ ਦਾ ਦੇਰੀ ਨਾਲ ਨਵਿਆਉਣ ਵਜੋਂ ਮੰਨਿਆ ਜਾਵੇਗਾ।

(2) ਕਿਸੇ ਵੀ ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਕਿਸੇ ਵੀ ਕੈਲੰਡਰ ਸਾਲ ਦੇ ਆਖਰੀ ਦਿਨ ਭਾਵ ਕਿਸੇ ਵੀ ਸਾਲ ਦੀ 31 ਦਸੰਬਰ ਜਾਂ ਅਜਿਹੀ ਤਰੀਕ ਤੋਂ ਬਾਅਦ ਜਾਇਜ਼ ਨਹੀਂ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਰਜਿਸਟਰੀਕਰਨ ਦੇ ਨਵਿਆਉਣ ਦੀ ਇਜਾਜ਼ਤ ਤਾਂ ਹੀ ਦਿੱਤੀ ਜਾਵੇਗੀ ਜੇ ਕਰੱਸ਼ਰ ਯੂਨਿਟ,-

(ੳ) ਆਉਣ ਵਾਲੇ ਸਾਲ ਦੀ 1 ਜਨਵਰੀ ਤੱਕ ਕਰੱਸ਼ਰ ਯੂਨਿਟ ਦੀ ਰਜਿਸਟਰੀਕਰਨ ਦੇ ਮਾਨਦੰਡ ਪੂਰਾ ਕਰਦਾ ਹੈ;

(ਅ) ਕਿਸੇ ਵੀ ਸਰਕਾਰੀ ਬਕਾਏ ਦੀ ਅਦਾਇਗੀ ਵਿੱਚ ਕੁਤਾਹੀ ਨਹੀਂ ਹੈ, ਜਿਸ ਵਿੱਚ ਇਸ ਤੋਂ ਲੋੜਨਾ ਕੀਤੀ ਵਾਤਾਵਰਣ ਪ੍ਰਬੰਧਨ ਫ਼ੰਡ ਵਿੱਚ ਅਦਾ ਕੀਤੀ ਜਾਣ ਵਾਲੀ ਰਕਮ ਵੀ ਸ਼ਾਮਲ ਹੈ; ਅਤੇ

(ੲ) ਉਸ ਸਾਲ ਦੇ ਅਕਤੂਬਰ ਮਹੀਨੇ ਤੱਕ ਸਾਰੇ ਮੁਕੱਰਰ ਵਿਵਰਣ ਦਾਇਰ ਕਰ ਚੁੱਕਾ ਹੈ ਜਿਸ ਦੌਰਾਨ ਇਸ ਦਾ ਰਜਿਸਟਰੀਕਰਨ ਜਾਇਜ਼ ਹੈ।

(4) ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਦਾ ਨਵਿਆਉਣਾ ਖੁਦ-ਬ-ਖੁਦ ਹੋਵੇਗਾ, ਜਦੋਂ ਤੱਕ ਕਿ ਬਿਨੈ-ਪੱਤਰ ਦੇਣ ਦੇ ਪੰਤਾਲੀ ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਦਰਜ ਕੀਤੇ ਜਾਣ ਵਾਲੇ ਖ਼ਾਸ ਕਾਰਨਾਂ ਕਰਕੇ ਇਸ ਨੂੰ ਰੱਦ ਨਹੀਂ ਕੀਤਾ ਜਾਂਦਾ।

ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਮੁਅੱਤਲ ਕਰਨਾ

8. (1) ਅਧਿਕਾਰੀ, ਜਿਸ ਦਾ ਰੈਂਕ ਜ਼ਿਲ੍ਹਾ ਖਾਣ ਅਧਿਕਾਰੀ ਤੋਂ ਥੱਲੇ ਦਾ ਨਹੀਂ ਹੈ, ਹੇਠਾਂ ਦਿੱਤੇ ਮੁੱਢਲੇ ਸਬੂਤਾਂ ਦੀ ਉਪਲੱਬਧਤਾ ਦੇ ਆਧਾਰ ਤੇ ਕਿਸੇ ਵੀ ਕਰੱਸ਼ਰ ਯੂਨਿਟ ਦੇ ਰਜਿਸਟਰੀਕਰਨ ਨੂੰ ਅਜਿਹੇ ਰੂਪ ਵਿੱਚ ਮੁਅੱਤਲ ਕਰ ਸਕਦਾ ਹੈ, ਜਿਵੇਂ ਮੁਕੱਰਰ ਕੀਤਾ ਜਾਵੇ,-

(ੳ) ਲਗਾਤਾਰ ਦੋ ਵਿਵਰਣ ਦਾਇਰ ਕਰਨ ਵਿੱਚ ਅਸਫ਼ਲਤਾ;

(ਅ) ਗੈਰ-ਕਾਨੂੰਨੀ ਖਾਣਾਂ ਪੁੱਟਣ ਨਾਲ ਸਬੰਧਤ ਕਿਸੇ ਵੀ ਅਪਰਾਧਿਕ ਮਾਮਲੇ ਵਿੱਚ ਅਦਾਲਤ ਦੁਆਰਾ ਸਿੱਧ-ਦੋਸ਼ੀ;

(ੲ) ਕਰੱਸ਼ਰ ਯੂਨਿਟ ਦੁਆਰਾ ਅਜਿਹੇ ਰੂਪ ਵਿੱਚ ਕੀਤੀ ਗੈਰ-ਕਾਨੂੰਨੀ ਖਾਣ ਪੁੱਟਣ, ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(ਸ) ਕਰੱਸ਼ਰ ਯੂਨਿਟ ਦੁਆਰਾ ਅਜਿਹੇ ਰੂਪ ਵਿੱਚ ਕੀਤੀ ਗੈਰ-ਕਾਨੂੰਨੀ ਖਰੀਦ, ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(ਹ) ਕਰੱਸ਼ਰ ਯੂਨਿਟ ਦੁਆਰਾ ਅਜਿਹੇ ਰੂਪ ਵਿੱਚ ਕੀਤੀ ਗੈਰ-ਕਾਨੂੰਨੀ ਪ੍ਰੋਸੈਸਿੰਗ, ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(ਕ) ਖਾਣ ਅਤੇ ਖਣਿਜ (ਵਿਕਾਸ ਅਤੇ ਵਿਨਿਯਮਨ) ਐਕਟ, 1957 ਦੇ ਕਿਸੇ ਵੀ ਉਪਬੰਧ ਦੀ ਖ਼ਿਲਾਫ਼ਵਰਜ਼ੀ;

(ਖ) ਪੰਜਾਬ ਛੋਟੇ ਖਣਿਜ ਨਿਯਮ, 2013 ਦੇ ਕਿਸੇ ਵੀ ਉਪਬੰਧ ਦੀ ਖ਼ਿਲਾਫ਼ਵਰਜ਼ੀ;

(ਗ) ਇਸ ਐਕਟ ਦੇ ਕਿਸੇ ਵੀ ਉਪਬੰਧ, ਜਾਂ ਇਸ ਅਧੀਨ ਜਾਰੀ ਕੀਤੇ ਗਏ ਕਿਸੇ ਨਿਦੇਸ਼ ਜਾਂ ਬਣਾਏ ਗਏ ਕਿਸੇ ਨਿਯਮ ਦੀ ਖ਼ਿਲਾਫ਼ਵਰਜ਼ੀ;

(ਘ) ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ ਸੰਚਾਲਨ ਦੀ ਸੰਮਤੀ ਵਾਪਸ ਲੈਣਾ; ਜਾਂ

(ਙ) ਮੁਕੱਰਰ ਸਮੇਂ ਦੀ ਮੁੱਦਤ ਦੇ ਅੰਦਰ, ਕਿਸੇ ਵੀ ਸਰਕਾਰੀ ਬਕਾਏ ਨੂੰ ਅਦਾ ਕਰਨ ਵਿੱਚ ਅਸਫ਼ਲਤਾ, ਜਿਸ ਲਈ ਸ਼ਕਤਵਾਨ ਅਥਾਰਟੀ ਦੁਆਰਾ ਇੱਕ ਨਿਰਧਾਰਣ ਹੁਕਮ ਪਾਸ ਕੀਤਾ ਗਿਆ ਹੋਵੇ।

(2) ਜਿੱਥੇ ਕਿਸੇ ਵੀ ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਮੁਅੱਤਲ ਕੀਤਾ ਗਿਆ ਹੋਵੇ, ਉੱਥੇ ਅਜਿਹਾ ਹੁਕਮ ਜਾਰੀ ਕਰਨ ਵਾਲਾ ਅਧਿਕਾਰੀ ਕਰੱਸ਼ਰ ਯੂਨਿਟ ਦੇ ਰਜਿਸਟਰੀਕਰਨ ਮੁਅੱਤਲ ਕਰਨ ਦੇ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਮੁਅੱਤਲੀ ਦੀਆਂ ਮੱਦਾਂ ਅਜਿਹੇ ਰੂਪ ਵਿੱਚ ਤਿਆਰ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ ਅਤੇ ਮੁਅੱਤਲੀ ਦੇ ਹੁਕਮ ਜਾਰੀ ਹੋਣ ਦੇ ਸੱਤ ਕਾਰਜ ਦਿਨਾਂ ਦੇ ਅੰਦਰ ਇਸ ਦੀ ਜਾਣਕਾਰੀ ਕਰੱਸ਼ਰ ਮਾਲਕ ਨੂੰ ਦੇਵੇਗਾ।

(3) ਕਰੱਸ਼ਰ ਮਾਲਕ ਮੁਅੱਤਲੀ ਦੀਆਂ ਮੱਦਾਂ ਪ੍ਰਾਪਤ ਹੋਣ ਦੇ ਸੱਤ ਦਿਨਾਂ ਦੇ ਅੰਦਰ ਮੁਅੱਤਲੀ ਦੇ ਹੁਕਮ ਦੀ ਨਜ਼ਰਸਾਨੀ ਦੀ ਮੰਗ ਕਰ ਸਕਦਾ ਹੈ।

(4) ਮੁਅੱਤਲੀ ਦਾ ਕੋਈ ਵੀ ਹੁਕਮ ਜਾਰੀ ਹੋਣ ਦੀ ਤਰੀਕ ਤੋਂ ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਨਾਫ਼ਜ਼ ਨਹੀਂ ਰਹੇਗਾ।

(5) ਜ਼ਿਲ੍ਹਾ ਖਾਣ ਅਧਿਕਾਰੀ ਜਾਂ ਇਸ ਬਾਬਤ ਡਾਇਰੈਕਟਰ ਦੁਆਰਾ ਅਧਿਕਾਰਤ ਅਜਿਹਾ ਕੋਈ ਹੋਰ ਅਧਿਕਾਰੀ ਮੁਅੱਤਲੀ ਦੀ ਮੁੱਦਤ ਦੌਰਾਨ ਕਰੱਸ਼ਰ ਯੂਨਿਟ ਨੂੰ ਮੁਹਰ ਲਗਾ ਕੇ ਬੰਦ ਕਰ ਸਕਦਾ ਹੈ।

(6) ਰਜਿਸਟਰੀਕਰਨ ਮੁਅੱਤਲ ਹੋਣ ਦੀ ਮੁੱਦਤ ਦੌਰਾਨ ਕਰੱਸ਼ਰ ਮਾਲਕ ਕਰੱਸ਼ਰ ਯੂਨਿਟ ਦਾ ਸੰਚਾਲਣ ਨਹੀਂ ਕਰੇਗਾ।

ਕਰੱਸ਼ਰ ਯੂਨਿਟ ਦੇ ਰਜਿਸਟਰੀਕਰਨ ਦੀ ਸਮਾਪਤੀ।

9. (1) ਕੋਈ ਅਧਿਕਾਰੀ, ਜਿਸ ਦਾ ਰੈਂਕ ਜ਼ਿਲ੍ਹਾ ਖਾਣ ਅਧਿਕਾਰੀ ਤੋਂ ਥੱਲੇ ਦਾ ਨਹੀਂ ਹੈ, ਹੇਠਾਂ-ਲਿਖੇ ਹਾਲਾਤਾਂ ਵਿੱਚ ਕਿਸੇ ਵੀ ਕਰੱਸ਼ਰ ਯੂਨਿਟ ਦੇ ਰਜਿਸਟਰੀਕਰਨ ਨੂੰ ਅਜਿਹੇ ਰੂਪ ਵਿੱਚ ਸਮਾਪਤ ਕਰ ਸਕਦਾ ਹੈ, ਜਿਵੇਂ ਕਿ ਮੁਕੱਰਰ ਕੀਤਾ ਜਾਵੇ,-

(ੳ) ਇੱਕ ਕੈਲੰਡਰ ਸਾਲ ਵਿੱਚ ਘੱਟ ਤੋਂ ਘੱਟ ਤਿੰਨ ਵਿਵਰਣ ਦਾਇਰ ਕਰਨ ਵਿੱਚ ਅਸਫ਼ਲ ਰਹਿਣਾ;

(ਅ) ਇਸ ਐਕਟ ਦੇ ਉਪਬੰਧਾਂ ਅਧੀਨ ਦਰਜ ਕਿਸੇ ਵੀ ਅਪਰਾਧਿਕ ਮਾਮਲੇ ਵਿੱਚ ਅਦਾਲਤ ਦੁਆਰਾ ਸਿੱਧ-ਦੋਸ਼ੀ ਠਹਿਰਾਏ ਜਾਣ ਦੇ ਨਾਲ ਘੱਟ ਤੋਂ ਘੱਟ ਇੱਕ ਸਾਲ ਦੀ ਸਾਦਾ ਕੈਦ ਦਾ ਦੰਡ;

(ੲ) ਉਸ ਵਿਰੁੱਧ ਗੈਰ-ਕਾਨੂੰਨੀ ਖਾਣ ਪੁੱਟਣ ਦੇ ਦੋਸ਼ ਸਾਬਤ ਹੋ ਚੁੱਕੇ ਹੋਣ;

(ਸ) ਉਸ ਵਿਰੁੱਧ ਗੈਰ-ਕਾਨੂੰਨੀ ਖਰੀਦਦਾਰੀ ਦੇ ਦੋਸ਼ ਸਾਬਤ ਹੋ ਚੁੱਕੇ ਹੋਣ;

(ਹ) ਉਸ ਵਿਰੁੱਧ ਗੈਰ-ਕਾਨੂੰਨੀ ਪ੍ਰੋਸੈਸਿੰਗ ਦੇ ਦੋਸ਼ ਸਾਬਤ ਹੋ ਚੁੱਕੇ ਹੋਣ;

(ਕ) ਖਾਣ ਅਤੇ ਖਣਿਜ (ਵਿਕਾਸ ਅਤੇ ਵਿਨਿਯਮਨ) ਐਕਟ, 1957 ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ;

(ਖ) ਪੰਜਾਬ ਛੋਟੇ ਖਣਿਜ ਨਿਯਮ, 2013 ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ;

(ਗ) ਇਸ ਐਕਟ ਦੇ ਕਿਸੇ ਵੀ ਉਪਬੰਧ, ਜਾਂ ਇਸ ਅਧੀਨ ਜਾਰੀ ਕੀਤੇ ਗਏ ਕਿਸੇ ਨਿਦੇਸ਼ ਜਾਂ ਬਣਾਏ ਗਏ ਕਿਸੇ ਨਿਯਮ ਦੀ ਖ਼ਿਲਾਫ਼ਵਰਜ਼ੀ;

(ਘ) ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ ਸੰਚਾਲਨ ਦੀ ਸੰਮਤੀ ਵਾਪਸ ਲੈਣਾ; ਜਾਂ

(ਙ) ਮੁਕੱਰਰ ਸਮੇਂ ਦੀ ਮੁੱਦਤ ਦੇ ਅੰਦਰ ਕਿਸੇ ਵੀ ਸਰਕਾਰੀ ਬਕਾਏ ਨੂੰ ਅਦਾ ਕਰਨ ਵਿੱਚ ਅਸਫ਼ਲਤਾ, ਜਿਸ ਲਈ ਸ਼ਕਤਵਾਨ ਅਥਾਰਟੀ ਦੁਆਰਾ ਇੱਕ ਨਿਰਧਾਰਣ ਹੁਕਮ ਪਾਸ ਕੀਤਾ ਗਿਆ ਹੋਵੇ, ਅਤੇ ਅਜਿਹੇ ਸਰਕਾਰੀ ਬਕਾਏ ਭੌਂ ਮਾਲੀਏ ਦੇ ਬਕਾਏ ਵਜੋਂ ਘੋਸ਼ਿਤ ਕੀਤੇ ਗਏ ਹੋਣ।

(2) ਇੱਕ ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਸਮਾਪਤ ਹੋਣ ਦੀ ਸੂਰਤ ਵਿੱਚ, ਰਜਿਸਟਰੀਕਰਨ ਸਮਾਪਤ ਕਰਨ ਦੇ ਹੁਕਮ ਦੀ ਤਰੀਕ ਤੋਂ ਤਿੰਨ ਸਾਲਾਂ ਦੀ ਮੁੱਦਤ ਗੁਜ਼ਰਨ ਤੋਂ ਬਾਅਦ ਕਰੱਸ਼ਰ ਯੂਨਿਟ ਨੂੰ ਦੁਬਾਰਾ ਰਜਿਸਟਰਸ਼ੁਦਾ ਨਹੀਂ ਕੀਤਾ ਜਾਵੇਗਾ:

ਪਰੰਤੂ ਮਾਲਕੀ ਵਿੱਚ ਤਬਦੀਲੀ, ਜਾਂ ਕੋਈ ਹੋਰ ਆਧਾਰ ਜੋ ਵੀ ਹੋਵੇ, ਕਿਸੇ ਵੀ ਕਰੱਸ਼ਰ ਯੂਨਿਟ ਦਾ ਛੇਤੀ ਰਜਿਸਟਰੀਕਰਨ ਲਈ ਇੱਕ ਜਾਇਜ਼ ਆਧਾਰ ਨਹੀਂ ਹੋਵੇਗਾ ਜਿਸ ਦਾ ਰਜਿਸਟਰੀਕਰਨ ਸਮਾਪਤ ਕੀਤਾ ਜਾ ਚੁੱਕਾ ਹੈ:

ਪਰੰਤੂ ਹੋਰ ਕਿ ਅਸਾਧਾਰਨ ਹਾਲਾਤਾਂ ਵਿੱਚ, ਸਰਕਾਰ ਅਜਿਹੀ ਦੰਡਕ ਫ਼ੀਸ ਦੀ ਅਦਾਇਗੀ ਤੇ ਜਿਵੇਂ ਮੁਕੱਰਰ ਕੀਤੀ ਹੋਵੇ, ਤਿੰਨ ਸਾਲਾਂ ਦੀ ਮੁੱਦਤ ਨੂੰ ਇੱਕ ਸਾਲ ਤੋਂ ਨਾ ਘੱਟ ਤੱਕ ਘਟਾ ਸਕਦੀ ਹੈ।

(3) ਕਰੱਸ਼ਰ ਮਾਲਕ ਨੂੰ ਸੁਣਵਾਈ ਦਾ ਅਵਸਰ ਦਿੱਤੇ ਬਿਨਾਂ ਰਜਿਸਟਰੀਕਰਨ ਸਮਾਪਤ ਕਰਨ ਦਾ ਕੋਈ ਵੀ ਹੁਕਮ ਪਾਸ ਨਹੀਂ ਕੀਤਾ ਜਾਵੇਗਾ।

(4) ਜ਼ਿਲ੍ਹਾ ਖਾਣ ਅਧਿਕਾਰੀ, ਜਾਂ ਇਸ ਬਾਬਤ ਡਾਇਰੈਕਟਰ ਦੁਆਰਾ ਅਧਿਕਾਰਤ ਕੋਈ ਹੋਰ ਅਧਿਕਾਰੀ, ਰਜਿਸਟਰੀਕਰਨ ਦੀ ਸਮਾਪਤੀ ਦੇ ਅਠਤਾਲੀ ਘੰਟਿਆਂ ਦੇ ਅੰਦਰ ਕਰੱਸ਼ਰ ਯੂਨਿਟ ਨੂੰ ਮੁਹਰ ਲਗਾ ਕੇ ਬੰਦ ਕਰ ਦੇਵੇਗਾ।

ਭਾਗ-III

10. ਕੋਈ ਕਰੱਸ਼ਰ ਯੂਨਿਟ- ਕੁੱਝ ਸਰਗਰਮੀਆਂ ਦੀ ਮਨਾਹੀ।

(ੳ) ਮੁਕੱਰਰ ਸਮੇਂ ਦੀ ਮੁੱਦਤ ਦੇ ਅੰਦਰ, ਕੋਈ ਵੀ ਜਾਂ ਸਾਰੇ ਵਿਵਰਣ, ਜਿਵੇਂ ਕਿ ਮੁਕੱਰਰ ਕੀਤਾ ਜਾਵੇ, ਦਾਇਰ ਕਰਨ ਵਿੱਚ ਅਸਫ਼ਲ ਨਹੀਂ ਰਹੇਗਾ;

(ਅ) ਕੋਈ ਵੀ ਵਿਉਂਤਪੰਨ ਪਦਾਰਥ ਨਹੀਂ ਵੇਚੇਗਾ, ਜਿਸ ਲਈ ਉਚਿਤ ਵਿਵਰਣ ਦਾਇਰ ਨਹੀਂ ਕੀਤੀ ਗਈ ਹੈ;

(ੲ) ਕਿਸੇ ਵੀ ਵਿਉਂਤਪੰਨ ਪਦਾਰਥ ਨੂੰ ਸਰਕਾਰ ਦੁਆਰਾ ਅਜਿਹੇ ਵਿਉਂਤਪੰਨ ਪਦਾਰਥ ਲਈ ਅਧਿਸੂਚਤ ਵੱਧ ਤੋਂ ਵੱਧ ਕੀਮਤ ਤੋਂ ਵੱਧ ਕੀਮਤ ਤੇ ਨਹੀਂ ਵੇਚੇਗਾ;

(ਸ) ਗੈਰ-ਕਾਨੂੰਨੀ ਖਾਣ ਪੁੱਟਣ ਜਾਂ ਗੈਰ-ਕਾਨੂੰਨੀ ਖਰੀਦਦਾਰੀ ਰਾਹੀਂ ਪ੍ਰਾਪਤ ਕੀਤੇ ਗਏ ਛੋਟੇ ਖਣਿਜਾਂ ਦੀ ਪ੍ਰੋਸੈਸਿੰਗ ਨਹੀਂ ਕਰੇਗਾ;

(ਹ) ਗੈਰ-ਕਾਨੂੰਨੀ ਖਰੀਦਦਾਰੀ ਰਾਹੀਂ ਹਾਸਲ ਕੀਤੇ ਕਿਸੇ ਵੀ ਸਟਾਕ ਨੂੰ ਨਹੀਂ ਰੱਖੇਗਾ;

(ਕ) ਵਿਭਾਗ ਦੇ ਕਿਸੇ ਅਧਿਕਾਰੀ ਦੁਆਰਾ ਅਨਿਯਮਤ ਜਾਂ ਅਨੁਸੂਚਿਤ ਨਿਰੀਖਣ ਲਈ ਕਰੱਸ਼ਰ ਯੂਨਿਟ ਦੇ ਅਹਾਤੇ ਵਿੱਚ ਪਹੁੰਚ ਤੋਂ ਇਨਕਾਰ ਨਹੀਂ ਕਰੇਗਾ;

(ਖ) ਉਹਨਾਂ ਬਹੀ-ਖਾਤਿਆਂ ਨੂੰ ਪਹੁੰਚ ਤੋਂ ਇਨਕਾਰ ਨਹੀਂ ਕਰੇਗਾ ਜਿਨ੍ਹਾਂ ਦੇ ਆਧਾਰ ਤੇ ਮੁਕੱਰਰ ਵਿਵਰਣ ਦਾਇਰ ਕੀਤੇ ਗਏ ਹਨ;

(ਗ) ਕਰੱਸ਼ਰ ਯੂਨਿਟ ਦੀ ਮਾਲਕੀ ਵਿੱਚ ਕਿਸੇ ਵੀ ਤਬਦੀਲੀ ਬਾਰੇ ਵਿਭਾਗ ਨੂੰ ਤੁਰੰਤ ਸੂਚਿਤ ਕਰਨ ਵਿੱਚ ਅਸਫ਼ਲ ਨਹੀਂ ਰਹੇਗਾ;

(ਘ) ਕਰੱਸ਼ਰ ਯੂਨਿਟ ਦੇ ਕਰੱਸ਼ਰ ਮਾਲਕਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਵਿਭਾਗ ਨੂੰ ਤੁਰੰਤ ਸੂਚਿਤ ਕਰਨ ਵਿੱਚ ਅਸਫ਼ਲ ਨਹੀਂ ਰਹੇਗਾ;

(ਙ) ਕਰੱਸ਼ਰ ਯੂਨਿਟ ਦੇ ਬਾਰੇ ਤਕਮੀਲ ਕੀਤੀ ਗਈ ਕਿਸੇ ਵੀ ਪੱਟਾ ਵਸੀਕੇ ਬਾਰੇ ਵਿਭਾਗ ਨੂੰ ਤੁਰੰਤ ਸੂਚਿਤ ਕਰਨ ਵਿੱਚ ਅਸਫ਼ਲ ਨਹੀਂ ਰਹੇਗਾ;

(ਚ) ਕਰੱਸ਼ਰ ਮਾਲਕ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਵੱਲੋਂ ਪੱਟੇ ਤੇ ਨਹੀਂ ਦਿੱਤਾ ਜਾਵੇਗਾ; ਅਤੇ/ਜਾਂ

(ਛ) ਆਪਣੇ ਆਪ, ਜਾਂ ਹੋਰ ਕਰੱਸ਼ਰ ਯੂਨਿਟਾਂ ਦੇ ਨਾਲ ਮਿਲ ਕੇ ਏਕਾਧਿਕਾਰੀ ਪ੍ਰਥਾਵਾਂ ਵਿੱਚ ਨਹੀਂ ਲੱਗੇਗਾ।

ਦੇਣਦਾਰੀ। 11. (1) ਸਾਰੇ ਕਰੱਸ਼ਰ ਮਾਲਕ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਲਈ ਸੰਯੁਕਤ ਅਤੇ ਅਲੱਗ ਅਲੱਗ ਤੌਰ ਤੇ ਭਾਗੀ ਹੋਣਗੇ।

(2) ਜਿੱਥੇ ਕਰੱਸ਼ਰ ਯੂਨਿਟ ਪੱਟੇ ਤੇ ਦਿੱਤਾ ਗਿਆ ਹੈ, ਉੱਥੇ ਪੱਟਾ ਵਸੀਕਾ ਤਕਮੀਲ ਹੋਣ ਤੋਂ ਉਤਰਵਰਤੀ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਲਈ ਪੱਟਾਦਾਤਾ ਅਤੇ ਪੱਟੇਦਾਰ ਦੋਵੇਂ ਸੰਯੁਕਤ ਅਤੇ ਅਲੱਗ ਅਲੱਗ ਤੌਰ ਤੇ ਭਾਗੀ ਹੋਣਗੇ:

ਪਰੰਤੂ ਜਿੱਥੇ ਪੱਟੇਦਾਰ ਦੀ ਨਿਰੋਲ ਸੰਪੱਤੀ ਮੁਕੱਰਰ ਸੀਮਾ ਤੋਂ ਵੱਧ ਹੋਵੇ, ਉੱਥੇ ਪੱਟਾ ਵਸੀਕੇ ਦੇ ਤਕਮੀਲ ਹੋਣ ਤੋਂ ਉਤਰਵਰਤੀ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਲਈ ਪੱਟੇਦਾਰ ਭਾਗੀ ਹੋਵੇਗਾ ਨਾ ਕਿ ਪੱਟਾਦਾਤਾ:

ਪਰੰਤੂ ਇਹ ਹੋਰ ਕਿ ਜਿੱਥੇ ਇਸ ਐਕਟ ਦੀ ਧਾਰਾ 10 ਦੇ ਖੰਡ (ਘ) ਦੇ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਹੋਈ ਹੈ, ਉੱਥੇ ਪੱਟੇਦਾਰ ਅਤੇ ਪੱਟਾਦਾਤਾ ਪੱਟਾ ਵਸੀਕੇ ਦੇ ਤਕਮੀਲ ਹੋਣ ਤੋਂ ਪਹਿਲਾਂ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਲਈ ਸੰਯੁਕਤ ਅਤੇ ਅਲੱਗ ਅਲੱਗ ਤੌਰ ਤੇ ਭਾਗੀ ਹੋਣਗੇ।

(3) ਇਸ ਐਕਟ ਦੀ ਧਾਰਾ 10 ਦੇ ਖੰਡ (ਗ) ਦੇ ਉਪਬੰਧਾਂ ਦੀ ਕਿਸੇ ਵੀ ਖ਼ਿਲਾਫ਼ਵਰਜ਼ੀ ਦੀ ਸੂਰਤ ਵਿੱਚ, ਮਾਲਕੀ ਵਿੱਚ ਤਬਦੀਲੀ ਤੋਂ ਉਤਰਵਰਤੀ, ਪੂਰਵਲੇ ਕਰੱਸ਼ਰ ਮਾਲਕ ਅਤੇ ਉਤਰਵਰਤੀ ਕਰੱਸ਼ਰ ਮਾਲਕ ਦੋਵੇਂ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਲਈ ਸੰਯੁਕਤ ਅਤੇ ਅਲੱਗ ਅਲੱਗ ਤੌਰ ਤੇ ਭਾਗੀ ਹੋਣਗੇ:

ਪਰੰਤੂ ਜਿੱਥੇ ਪੂਰਵਲੇ ਕਰੱਸ਼ਰ ਮਾਲਕ ਨੇ ਮਾਲਕੀ ਵਿੱਚ ਤਬਦੀਲੀ ਬਾਰੇ ਵਿਭਾਗ ਨੂੰ ਤੁਰੰਤ ਸੂਚਿਤ ਕੀਤਾ ਹੋਵੇ, ਉਹ ਮਾਲਕੀ ਵਿੱਚ ਤਬਦੀਲੀ ਤੋਂ ਉੱਤਰਵਰਤੀ, ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਲਈ ਭਾਗੀ ਨਹੀਂ ਹੋਵੇਗਾ।

ਭਾਗ-IV

ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ।

12. (1) ਹਰੇਕ ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਈ ਆਪਣੇ ਅਮਲਾਂ ਨੂੰ ਚਲਾਉਣ ਲਈ ਲਸੰਸ ਅਜਿਹੇ ਰੂਪ ਵਿੱਚ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਲਸੰਸ ਲਈ ਦਰਖ਼ਾਸਤ ਅਜਿਹੇ ਰੂਪ ਵਿੱਚ ਦਿੱਤੀ ਜਾਵੇਗੀ ਅਤੇ ਜਿਸ ਨੂੰ ਅਜਿਹੇ ਤਰੀਕੇ ਅਨੁਸਾਰ ਵਿਚਾਰਿਆ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਦਾ ਜਾਰੀ ਹੋਣਾ ਖੁਦ-ਬਖੁਦ ਅਮਲ ਅਰੰਭ ਕਰਨ ਦਾ ਅਧਿਕਾਰ ਨਹੀਂ ਦੇਵੇਗਾ ਅਤੇ ਲਸੰਸ ਧਾਰਕ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ ਲੋੜੀਂਦੀਆਂ ਸਾਰੀਆਂ ਲਾਜ਼ਮੀ ਇਜਾਜ਼ਤਾਂ ਅਤੇ ਨਿਕਾਸੀਆਂ ਵੱਖਰੇ ਤੌਰ ਤੇ ਪ੍ਰਾਪਤ ਕਰਨ ਲਈ ਪਾਬੰਦ ਹੋਵੇਗਾ।

(4) ਸਰਕਾਰ, ਸਮੇਂ ਸਮੇਂ ਤੇ, ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਜਾਰੀ ਕਰਨ ਲਈ ਵਸੂਲ ਕੀਤੀ ਜਾਣ ਵਾਲੀ ਫ਼ੀਸ ਅਧਿਸੂਚਿਤ ਕਰ ਸਕਦੀ ਹੈ।

(5) ਸਰਕਾਰ, ਸਮੇਂ ਸਮੇਂ ਤੇ, ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨੂੰ ਜਾਰੀ ਰੱਖਣ ਲਈ ਵਸੂਲ ਕੀਤੀ ਜਾਣ ਵਾਲੀ ਸਲਾਨਾ ਲਸੰਸ ਫ਼ੀਸ ਨੂੰ ਅਧਿਸੂਚਿਤ ਕਰ ਸਕਦੀ ਹੈ।

(6) ਸਰਕਾਰ, ਸਮੇਂ ਸਮੇਂ ਤੇ, ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨੂੰ ਜਾਰੀ ਰੱਖਣ ਲਈ ਵਸੂਲ ਕੀਤੀ ਜਾਣ ਵਾਲੀ ਲੇਟ ਫ਼ੀਸ ਅਧਿਸੂਚਿਤ ਕਰ ਸਕਦੀ ਹੈ, ਜਿਸ ਲਈ ਸਲਾਨਾ ਲਸੰਸ ਫ਼ੀਸ ਸਮੇਂ ਸਿਰ ਅਦਾ ਨਹੀਂ ਕੀਤੀ ਗਈ ਸੀ।

(7) ਇਕੱਲੀ ਮਾਲਕੀ ਅਤੇ ਫਰਮਾਂ ਦੇ ਮਾਮਲੇ ਵਿੱਚ ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨਾਕਾਬਲ ਇੰਤਕਾਲ ਹੋਵੇਗਾ।

(8) ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨੰਬਰ (ਐਸ.ਆਰ.ਐੱਲ.ਐੱਨ.) ਵਿਲੱਖਣ ਹੋਵੇਗਾ। ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਦੀ ਮਾਲਕੀ ਵਿੱਚ ਬਦਲਾਅ ਹੋਣ ਦੇ ਬਾਵਜੂਦ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਨੰਬਰ ਅਣਬਦਲਿਆ ਰਹੇਗਾ।

(9) ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਦਾ ਨਵਾਂ ਮਾਲਕ ਅਜਿਹੇ ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਦੁਆਰਾ ਅਦਾਇਗੀ ਯੋਗ ਸਾਰੀਆਂ ਸਰਕਾਰੀ ਦੇਣ ਯੋਗ ਰਕਮਾਂ ਵਿਰਾਸਤ ਵਿੱਚ ਪ੍ਰਾਪਤ ਕਰੇਗਾ।

(10) ਵਿਭਾਗ ਸਟਾਕਿਸਟਾਂ ਅਤੇ ਵਿਕਰੇਤਾਵਾਂ ਦੇ ਲਸੰਸ ਲਈ ਇੱਕ ਸਹਿਜ ਆਨਲਾਈਨ ਪੋਰਟਲ ਸਥਾਪਤ ਕਰਨ ਦੇ ਉਪਰਾਲੇ ਕਰੇਗਾ।

(11) ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਦੀ ਜਾਇਜ਼ਤਾ ਇੱਕ ਕੈਲੰਡਰ ਸਾਲ ਦੇ ਗੁਜ਼ਰਨ ਤੇ ਭਾਵ 31 ਦਸੰਬਰ ਨੂੰ ਖਤਮ ਹੋ ਜਾਵੇਗੀ।

(12) ਇਸ ਐਕਟ ਦੇ ਨਾਫ਼ਜ਼ ਹੋਣ ਦੀ ਤਰੀਕ ਤੋਂ, ਹਰੇਕ ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਨੂੰ ਆਪਣੀਆਂ ਕਿਰਿਆਵਾਂ ਇਸ ਐਕਟ ਦੇ ਉਪਬੰਧਾਂ ਦੀ ਅਨੁਰੂਪਤਾ ਵਿੱਚ ਲਿਆਉਣ ਲਈ ਉਸ ਦੇ ਵਿਰੁੱਧ ਕੋਈ ਦੰਡਕ ਕਾਰਵਾਈਆਂ ਸੁਰੂ ਕਰਨ ਤੋਂ ਪਹਿਲਾਂ, ਤਿੰਨ ਮਹੀਨਿਆਂ ਦੀ ਮੁੱਦਤ ਦਿੱਤੀ ਜਾਵੇਗੀ।

ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਪ੍ਰਾਪਤ ਕਰਨ ਲਈ ਪਾਤਰਤਾ।

13. (1) ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਮੰਗ ਤੇ ਜਾਰੀ ਕੀਤਾ ਜਾਵੇਗਾ।

(2) ਸਟਾਕਿਸਟ ਅਤੇ ਪ੍ਰਚੂਨ ਲਸੰਸ ਲਈ ਦਰਖ਼ਾਸਤ ਦੇਣ ਵਾਲੀ ਹਰੇਕ ਕਾਨੂੰਨੀ ਹਸਤੀ ਕੋਲ,

(ੳ) ਆਮਦਨ ਕਰ ਵਿਭਾਗ ਦੁਆਰਾ ਜਾਰੀ ਕੀਤਾ ਗਿਆ ਸਥਾਈ ਲੇਖਾ ਨੰਬਰ (ਪੀ.ਏ.ਐੱਨ) ਹੋਵੇਗਾ;

(ਅ) ਵਸਤਾਂ ਅਤੇ ਸੇਵਾਵਾਂ ਟੈਕਸ ਪਛਾਣ ਨੰਬਰ (ਜੀ.ਐਸ.ਟੀ.ਆਈ.ਐੱਨ.) ਹੋਵੇਗਾ; ਅਤੇ

(ੲ) ਅਜਿਹੇ ਹੋਰ ਮਾਪਦੰਡ ਪੂਰੇ ਕਰੇਗੀ, ਜਿਵੇਂ ਮੁਕੱਰਰ ਕੀਤੇ ਗਏ ਹੋਣ।

14. ਇੱਕ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਨੂੰ ਸਲਾਨਾ ਲਸੰਸ ਫ਼ੀਸ ਅਤੇ ਲੇਟ ਫ਼ੀਸ, ਜੇ ਕੋਈ ਹੋਵੇ, ਦੀ ਅਦਾਇਗੀ ਕਰਨ ਤੇ ਨਵਿਆਇਆ ਗਿਆ ਸਮਝਿਆ ਜਾਵੇਗਾ। ਸਟਾਕਿਸਟ ਅਤੇ ਪ੍ਰਚੂਨ ਲਸੰਸ ਦਾ ਨਵਿਆਉਣਾ।

15. (1) ਜ਼ਿਲ੍ਹਾ ਖਾਣ ਅਧਿਕਾਰੀ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਸਿੱਧ ਹੋਣ ਦੀ ਸੂਰਤ ਵਿੱਚ ਜਾਂ ਗੈਰ-ਕਾਨੂੰਨੀ ਖਾਣ ਪੁੱਟਣ ਨੂੰ ਉਤਸ਼ਾਹਿਤ ਕਰਨ ਵਾਲੇ ਕਿਸੇ ਵੀ ਕੰਮ ਵਿੱਚ ਖਚਿਤ ਹੋਣ ਦੀ ਸੂਰਤ ਵਿੱਚ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਨੂੰ ਅਜਿਹੇ ਰੂਪ ਵਿੱਚ ਮੁਅੱਤਲ ਕਰ ਸਕਦਾ ਹੈ, ਜਿਵੇਂ ਮੁਕੱਰਰ ਕੀਤਾ ਜਾਵੇ। ਸਟਾਕਿਸਟ ਅਤੇ ਪ੍ਰਚੂਨ ਲਸੰਸ ਮੁਅੱਤਲ ਕਰਨਾ।

(2) ਉਪ-ਧਾਰਾ (1) ਅਧੀਨ ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨੂੰ ਮੁਅੱਤਲ ਕਰਨ ਦਾ ਹੁਕਮ ਛੇ ਮਹੀਨਿਆਂ ਦੀ ਮੁੱਦਤ ਤੋਂ ਵੱਧ ਨਾਫ਼ਜ਼ ਨਹੀਂ ਰਹੇਗਾ।

(3) ਜਿੱਥੇ ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨੂੰ ਸਰਕਾਰੀ ਦੇਣ ਯੋਗ ਰਕਮ ਦੀ ਅਣ-ਅਦਾਇਗੀ ਕਾਰਨ ਮੁਅੱਤਲ ਕੀਤਾ ਗਿਆ ਹੈ, ਜਿਵੇਂ ਜ਼ਿਲ੍ਹਾ ਖਾਣ ਅਧਿਕਾਰੀ ਦੁਆਰਾ ਨਿਰਧਾਰਣ ਕੀਤਾ ਗਿਆ ਹੋਵੇ, ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਅਜਿਹੇ ਸਰਕਾਰੀ ਦੇਣ ਯੋਗ ਰਕਮ ਦੀ ਅਦਾਇਗੀ ਅਤੇ ਉੱਤਰਵਰਤੀ ਲਿਖਤੀ ਹੁਕਮਾਂ ਤੇ ਆਪਣੀ ਜਾਇਜ਼ਤਾ ਮੁੜ ਪ੍ਰਾਪਤ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ:

ਪਰੰਤੂ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਨਿਰਧਾਰਣ ਕੀਤੀ ਸਰਕਾਰੀ ਦੇਣ ਯੋਗ ਰਕਮ ਦੇ ਪੰਜਾਹ ਪ੍ਰਤੀਸ਼ਤ ਦੀ ਅਦਾਇਗੀ ਕਰਕੇ ਮੂਲ ਨਿਰਧਾਰਣ ਹੁਕਮ ਦੇ ਵਿਰੁੱਧ ਤੀਹ ਦਿਨਾਂ ਅੰਦਰ ਅਪੀਲ ਕਰ ਸਕਦਾ ਹੈ ਅਤੇ ਅਜਿਹੇ ਸਾਰੇ ਮਾਮਲਿਆਂ ਵਿੱਚ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਅਪੀਲ ਤੇ ਅੰਤਮ ਫ਼ੈਸਲਾ ਆਉਣ ਤੱਕ ਆਪਣੀ ਜਾਇਜ਼ਤਾ ਮੁੜ ਪ੍ਰਾਪਤ ਕਰੇਗਾ।

(4) ਜੇ ਲਸੰਸ ਦੀ ਮੁੱਦਤ ਗੁਜ਼ਰਨ ਤੋਂ ਪਹਿਲਾਂ ਅਨੁਵਰਤੀ ਸਾਲ ਲਈ ਸਲਾਨਾ ਲਸੰਸ ਫ਼ੀਸ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਹੈ, ਤਾਂ ਲਸੰਸ ਦੀ ਮੁੱਦਤ ਗੁਜ਼ਰਨ ਤੇ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਅਨਿਸ਼ਚਿਤ ਸਮੇਂ ਲਈ ਮੁਅੱਤਲ ਸਮਝਿਆ ਜਾਵੇਗਾ:

ਪਰੰਤੂ ਸਲਾਨਾ ਲਸੰਸ ਫ਼ੀਸ ਅਤੇ ਲੇਟ ਫ਼ੀਸ ਦੀ ਅਦਾਇਗੀ ਹੋਣ ਤੇ ਲਸੰਸ ਆਪਣੀ ਜਾਇਜ਼ਤਾ ਮੁੜ ਪ੍ਰਾਪਤ ਕਰ ਲਵੇਗਾ।

ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨੂੰ ਸਮਾਪਤ ਕਰਨ ਦੀ ਸ਼ਕਤੀ।

16. (1) ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਸਾਬਤ ਹੋਣ ਦੀ ਸੂਰਤ ਵਿੱਚ ਜ਼ਿਲ੍ਹਾ ਖਾਣ ਅਧਿਕਾਰੀ ਮੁਕੱਰਰ ਰੂਪ ਵਿੱਚ ਸਟਾਕਿਸਟ ਅਤੇ ਪ੍ਰਚੂਨ ਵਿਕਰੇਤਾ ਲਸੰਸ ਨੂੰ ਸਮਾਪਤ ਕਰ ਸਕੇਗਾ।

(2) ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਸੰਸ ਦੀ ਸਮਾਪਤੀ ਦਾ ਕੋਈ ਵੀ ਹੁਕਮ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਪਾਸ ਨਹੀਂ ਕੀਤਾ ਜਾਵੇਗਾ।

ਭਾਗ-V

ਅਪੀਲ।

17. (1) ਇਸ ਐਕਟ ਦੀ ਧਾਰਾ 3 ਦੀ ਉਪ-ਧਾਰਾ (6) ਅਧੀਨ ਪਾਸ ਕੀਤੇ ਗਏ ਹਰੇਕ ਮੂਲ ਹੁਕਮ ਦੇ ਵਿਰੁੱਧ ਡਾਇਰੈਕਟਰ ਕੋਲ ਅਪੀਲ ਕੀਤੀ ਜਾ ਸਕੇਗੀ, ਪ੍ਰੰਤੂ ਅਪੀਲ ਅਜਿਹੇ ਮੂਲ ਹੁਕਮ ਦੇ ਪਾਸ ਹੋਣ ਤੋਂ ਤੀਹ ਦਿਨਾਂ ਦੇ ਅੰਦਰ ਦਾਇਰ ਕੀਤੀ ਗਈ ਹੋਵੇ।

(2) ਇਸ ਐਕਟ ਦੀ ਧਾਰਾ 8 ਦੀ ਉਪ-ਧਾਰਾ (1) ਅਧੀਨ ਪਾਸ ਕੀਤੇ ਗਏ ਕਿਸੇ ਵੀ ਹੁਕਮ ਵਿਰੁੱਧ ਕੋਈ ਅਪੀਲ ਨਹੀਂ ਹੋ ਸਕੇਗੀ।

(3) ਇਸ ਐਕਟ ਦੀ ਧਾਰਾ 9 ਦੀ ਉਪ-ਧਾਰਾ (1) ਅਧੀਨ ਪਾਸ ਕੀਤੇ ਗਏ ਹਰੇਕ ਮੂਲ ਹੁਕਮ ਦੇ ਵਿਰੁੱਧ ਡਾਇਰੈਕਟਰ ਕੋਲ ਅਪੀਲ ਕੀਤੀ ਜਾ ਸਕੇਗੀ, ਪ੍ਰੰਤੂ ਅਪੀਲ ਅਜਿਹੇ ਮੂਲ ਹੁਕਮ ਦੇ ਪਾਸ ਹੋਣ ਤੋਂ ਤੀਹ ਦਿਨਾਂ ਦੇ ਅੰਦਰ ਦਾਇਰ ਕੀਤੀ ਗਈ ਹੋਵੇ:

ਪਰੰਤੂ ਜਿੱਥੇ ਮੂਲ ਹੁਕਮ ਡਾਇਰੈਕਟਰ ਦੁਆਰਾ ਪਾਸ ਕੀਤਾ ਗਿਆ ਹੋਵੇ, ਉੱਥੇ ਅਪੀਲ ਸਰਕਾਰ ਕੋਲ ਦਾਇਰ ਕੀਤੀ ਜਾ ਸਕੇਗੀ:

ਪ੍ਰੰਤੂ ਹੋਰ ਕਿ ਜਿੱਥੇ ਮੂਲ ਹੁਕਮ ਸਰਕਾਰੀ ਦੇਣਯੋਗ ਰਕਮ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿਣ ਕਾਰਨ ਪਾਸ ਕੀਤਾ ਗਿਆ ਹੋਵੇ, ਤਾਂ ਕਰੱਸ਼ਰ ਮਾਲਕ, ਅਪੀਲ ਦੇ ਨਾਲ, ਅਪੀਲ ਦੇ ਨਤੀਜੇ ਦੇ ਤਾਬੇ ਨਿਰਧਾਰਤ ਸਰਕਾਰੀ ਦੇਣਯੋਗ ਰਕਮ ਦਾ ਪੰਜਾਹ ਪ੍ਰਤੀਸ਼ਤ ਜਮ੍ਹਾਂ ਕਰਨ ਦੀ ਚੋਣ ਕਰ ਸਕਦਾ ਹੈ, ਅਤੇ ਅਜਿਹੇ ਸਾਰੇ

ਮਾਮਲਿਆਂ ਵਿੱਚ ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਅਪੀਲ ਤੇ ਅੰਤਿਮ ਫ਼ੈਸਲਾ ਆਉਣ ਤੱਕ ਆਪਣੀ ਜਾਇਜ਼ਤਾ ਮੁੜ ਪ੍ਰਾਪਤ ਕਰ ਲਵੇਗਾ।

(4) ਧਾਰਾ 16 ਦੀ ਉਪ-ਧਾਰਾ (1) ਅਧੀਨ ਪਾਸ ਕੀਤੇ ਗਏ ਹਰੇਕ ਮੂਲ ਹੁਕਮ ਦੇ ਵਿਰੁੱਧ ਅਪੀਲ ਡਾਇਰੈਕਟਰ ਕੋਲ ਦਾਇਰ ਕੀਤੀ ਜਾ ਸਕੇਗੀ, ਪ੍ਰੰਤੂ ਅਪੀਲ ਅਜਿਹੇ ਮੂਲ ਹੁਕਮ ਦੇ ਪਾਸ ਹੋਣ ਤੋਂ ਤੀਹ ਦਿਨਾਂ ਦੇ ਅੰਦਰ ਦਾਇਰ ਕੀਤੀ ਗਈ ਹੋਵੇ।

18. (1) ਇਸ ਐਕਟ ਦੀ ਧਾਰਾ 8 ਦੀ ਉਪ-ਧਾਰਾ (1) ਅਧੀਨ ਪਾਸ ਕੀਤੇ ਨਜ਼ਰਸਾਨੀ। ਗਏ ਕਿਸੇ ਵੀ ਹੁਕਮ ਦੇ ਵਿਰੁੱਧ ਇੱਕ ਨਜ਼ਰਸਾਨੀ ਦਰਖ਼ਾਸਤ ਉਸੇ ਅਥਾਰਟੀ ਦੇ ਕੋਲ ਪੇਸ਼ ਕੀਤੀ ਜਾ ਸਕੇਗੀ ਜਿਸ ਨੇ ਉਹ ਹੁਕਮ ਪਾਸ ਕੀਤਾ ਸੀ।

(2) ਇਸ ਐਕਟ ਦੀ ਧਾਰਾ 15 ਦੀ ਉਪ-ਧਾਰਾ (1) ਅਧੀਨ ਪਾਸ ਕੀਤੇ ਗਏ ਹੁਕਮ ਦੇ ਵਿਰੁੱਧ ਇੱਕ ਨਜ਼ਰਸਾਨੀ ਦਰਖ਼ਾਸਤ ਉਸ ਅਥਾਰਟੀ ਦੇ ਕੋਲ ਪੇਸ਼ ਕੀਤੀ ਜਾ ਸਕੇਗੀ ਜਿਸ ਨੇ ਉਹ ਹੁਕਮ ਪਾਸ ਕੀਤਾ ਸੀ।

(3) ਇਸ ਐਕਟ ਦੇ ਕਿਸੇ ਹੋਰ ਭਾਗ ਅਧੀਨ ਪਾਸ ਕੀਤੇ ਗਏ ਕਿਸੇ ਵੀ ਹੁਕਮ ਦੇ ਵਿਰੁੱਧ ਕੋਈ ਨਜ਼ਰਸਾਨੀ ਦਰਖ਼ਾਸ੍ਤ ਨਹੀਂ ਦਿੱਤੀ ਜਾ ਸਕੇਗੀ।

19. (1) ਇਸ ਐਕਟ ਦੀ ਧਾਰਾ 9 ਦੀ ਉਪ-ਧਾਰਾ (1) ਅਧੀਨ ਪਾਸ ਕੀਤੇ ਸੋਧ। ਗਏ ਹਰੇਕ ਹੁਕਮ ਦੇ ਵਿਰੁੱਧ ਸਰਕਾਰ ਕੋਲ ਸੋਧ ਦਰਖ਼ਾਸਤ ਦਾਇਰ ਕੀਤੀ ਜਾ ਸਕੇਗੀ, ਪ੍ਰੰਤੂ ਸੋਧ ਦਰਖ਼ਾਸਤ ਅਜਿਹੇ ਹੁਕਮ ਦੇ ਪਾਸ ਹੋਣ ਤੋਂ ਤੀਹ ਦਿਨਾਂ ਦੇ ਅੰਦਰ ਦਾਇਰ ਕੀਤੀ ਗਈ ਹੋਵੇ।

(2) ਇਸ ਐਕਟ ਦੀ ਧਾਰਾ 17 ਦੀ ਉਪ-ਧਾਰਾ (3) ਅਧੀਨ ਡਾਇਰੈਕਟਰ ਦੁਆਰਾ ਪਾਸ ਕੀਤੇ ਗਏ ਹਰੇਕ ਹੁਕਮ ਦੇ ਵਿਰੁੱਧ ਸਰਕਾਰ ਕੋਲ ਇੱਕ ਸੋਧ ਦਰਖ਼ਾਸਤ ਦਾਇਰ ਕੀਤੀ ਜਾ ਸਕੇਗੀ, ਪ੍ਰੰਤੂ ਸੋਧ ਦਰਖ਼ਾਸਤ ਅਜਿਹੇ ਹੁਕਮ ਦੇ ਪਾਸ ਹੋਣ ਤੋਂ ਤੀਹ ਦਿਨਾਂ ਦੇ ਅੰਦਰ ਦਾਇਰ ਕੀਤੀ ਗਈ ਹੋਵੇ:

ਪਰੰਤੂ ਜਿੱਥੇ ਡਾਇਰੈਕਟਰ ਨੇ ਸਰਕਾਰੀ ਅਦਾਇਗੀ ਯੋਗ ਰਕਮ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿਣ ਦੇ ਕਾਰਨ ਹੁਕਮ ਪਾਸ ਕੀਤਾ ਹੋਵੇ, ਉੱਥੇ ਕਰੱਸ਼ਰ ਮਾਲਕ ਸੋਧ ਦਰਖ਼ਾਸਤ ਦੇ ਨਾਲ, ਸੋਧ ਦਰਖ਼ਾਸਤ ਦੇ ਨਤੀਜੇ ਦੇ ਤਾਬੇ

ਡਾਇਰੈਕਟਰ ਦੁਆਰਾ ਨਿਰਧਾਰਤ ਕੀਤੀ ਗਈ ਸਰਕਾਰੀ ਦੇਣ ਯੋਗ ਰਕਮ ਦਾ ਸੌ ਪ੍ਰਤੀਸ਼ਤ ਜਮ੍ਹਾਂ ਕਰਨ ਦੀ ਚੋਣ ਕਰ ਸਕਦਾ ਹੈ, ਅਤੇ ਅਜਿਹੇ ਸਾਰੇ ਮਾਮਲਿਆਂ ਵਿੱਚ ਕਰੱਸ਼ਰ ਯੂਨਿਟ ਦਾ ਰਜਿਸਟਰੀਕਰਨ ਸੋਧ ਦਰਖ਼ਾਸਤ ਤੇ ਅੰਤਮ ਫ਼ੈਸਲਾ ਆਉਣ ਤੱਕ ਆਪਣੀ ਜਾਇਜ਼ਤਾ ਮੁੜ ਪ੍ਰਾਪਤ ਕਰ ਲਵੇਗਾ।

ਭਾਗ-VI

ਕੀਮਤ ਨਿਯਮਤ ਕਰਨ ਦੀ ਸ਼ਕਤੀ।

20. (1) ਸਰਕਾਰ, ਸਮੇਂ ਸਮੇਂ ਤੇ, ਕਿਸੇ ਵੀ ਕਰੱਸ਼ਰ ਯੂਨਿਟ ਦੁਆਰਾ ਵਿਉਂਤਪੰਨ ਪਦਾਰਥਾਂ ਦੇ ਵੱਧ ਤੋਂ ਵੱਧ ਵਿਕਰੀ ਮੁੱਲ ਨੂੰ ਅਧਿਸੂਚਿਤ ਕਰ ਸਕਦੀ ਹੈ।

(2) ਸਰਕਾਰ, ਸਮੇਂ ਸਮੇਂ ਤੇ, ਕਿਸੇ ਵੀ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਦੁਆਰਾ ਰੇਤ, ਬਜਰੀ ਅਤੇ ਵਿਉਂਤਪੰਨ ਪਦਾਰਥਾਂ ਦਾ ਵੱਧ ਤੋਂ ਵੱਧ ਵਿਕਰੀ ਮੁੱਲ ਅਧਿਸੂਚਿਤ ਕਰ ਸਕਦੀ ਹੈ।

ਨਿਦੇਸ਼ ਜਾਰੀ ਕਰਨ ਦੀ ਸ਼ਕਤੀ।

21. (1) ਸਰਕਾਰ, ਸਮੇਂ ਸਮੇਂ ਤੇ, ਰੇਤੇ, ਬਜਰੀ ਅਤੇ ਵਿਉਂਤਪੰਨ ਪਦਾਰਥਾਂ ਦੀ ਵਿਕਰੀ ਅਧਿਸੂਚਿਤ ਵੱਧ ਤੋਂ ਵੱਧ ਵਿਕਰੀ ਮੁੱਲ ਤੇ ਕਰਵਾਉਣ ਲਈ ਨਿਦੇਸ਼ ਜਾਰੀ ਕਰ ਸਕਦੀ ਹੈ।

(2) ਜਿੱਥੇ ਵੀ ਉਪ-ਧਾਰਾ (1) ਵਿੱਚ ਕੋਈ ਨਿਦੇਸ਼ ਜਾਰੀ ਕੀਤਾ ਗਿਆ ਹੋਵੇ, ਹਰੇਕ ਕਰੱਸ਼ਰ ਯੂਨਿਟ, ਅਤੇ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਈ ਇਸ ਦੀ ਪਾਲਣਾ ਕਰਨਾ ਲਾਜ਼ਮੀ ਹੋਵੇਗਾ।

(3) ਡਾਇਰੈਕਟਰ, ਸਰਕਾਰ ਦੀ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਦੇ ਸਹਿਜ ਪਰਿਪਾਲਣ ਲਈ, ਸਮੇਂ ਸਮੇਂ ਤੇ, ਢੁੱਕਵੇਂ ਨਿਦੇਸ਼ ਜਾਰੀ ਕਰ ਸਕਦਾ ਹੈ।

ਆਨਲਾਈਨ ਪੋਰਟਲ ਰਾਹੀਂ ਲੈਣ-ਦੇਣ।

22. (1) ਹਰੇਕ ਕਰੱਸ਼ਰ ਯੂਨਿਟ, ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਈ ਇੱਕ ਕਾਨੂੰਨੀ ਖਾਣ ਜਗ੍ਹਾ ਤੋਂ ਰੇਤ ਅਤੇ ਬਜਰੀ ਖਰੀਦਣਾ ਲਾਜ਼ਮੀ ਹੋਵੇਗਾ।ਅਜਿਹਾ ਲੈਣ-ਦੇਣ ਕਰਨ ਲਈ ਇੱਕ ਆਨਲਾਈਨ ਪੋਰਟਲ ਜਾਂ ਕੋਈ ਹੋਰ ਇਲੈਕਟ੍ਰਾਨਿਕ ਜਾਂ ਡਿਜ਼ੀਟਲ ਸਾਧਨ ਮੁਕੱਰਰ ਕੀਤਾ ਜਾ ਸਕਦਾ ਹੈ।

(2) ਹਰੇਕ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਲਈ ਰਜਿਸਟਰਸ਼ੁਦਾ ਕਰੱਸ਼ਰ ਯੂਨਿਟ ਤੋਂ ਵਿਉਂਤਪੰਨ ਪਦਾਰਥ ਖਰੀਦਣਾ ਲਾਜ਼ਮੀ ਹੋਵੇਗਾ।ਅਜਿਹਾ

ਲੈਣ-ਦੇਣ ਕਰਨ ਲਈ ਇੱਕ ਆਨਲਾਈਨ ਪੋਰਟਲ, ਜਾਂ ਕੋਈ ਹੋਰ ਇਲੈਕਟ੍ਰਾਨਿਕ ਜਾਂ ਡਿਜ਼ੀਟਲ ਸਾਧਨ ਮੁਕੱਰਰ ਕੀਤਾ ਜਾ ਸਕਦਾ ਹੈ।

(3) ਰੇਤ, ਬਜਰੀ ਅਤੇ ਵਿਉਂਤਪੰਨ ਪਦਾਰਥਾਂ ਦੀ ਵਿਕਰੀ ਲਈ ਹੁਕਮ ਸਵੀਕਾਰ ਕਰਨ ਲਈ ਇੱਕ ਆਨਲਾਈਨ ਪੋਰਟਲ, ਜਾਂ ਕੋਈ ਹੋਰ ਇਲੈਕਟ੍ਰਾਨਿਕ ਜਾਂ ਡਿਜ਼ੀਟਲ ਸਾਧਨ ਮੁਕੱਰਰ ਕੀਤਾ ਜਾ ਸਕਦਾ ਹੈ।

(4) ਸਰਕਾਰ, ਸਮੇਂ ਸਮੇਂ ਤੇ, ਸੋਧੇ ਗਏ ਪੰਜਾਬ ਛੋਟੇ ਖਣਿਜ ਨਿਯਮ, 2013 ਦੇ ਉਪਬੰਧਾਂ ਅਨੁਸਾਰ ਰਾਇਲਟੀ ਦੀ ਪੇਸ਼ਗੀ ਅਦਾਇਗੀ, ਅੰਸ਼ਕ ਜਾਂ ਪੂਰੀ ਤਰ੍ਹਾਂ, ਜਾਂ ਇਸ ਐਕਟ ਅਧੀਨ ਦੇਣਯੋਗ ਕੋਈ ਹੋਰ ਰਕਮ ਜਮ੍ਹਾਂ ਕਰਨ ਦਾ ਨਿਦੇਸ਼ ਦੇ ਸਕਦੀ ਹੈ, ਅਤੇ ਇਸ ਪ੍ਰਯੋਜਨ ਲਈ ਅਜਿਹੀਆਂ ਰਕਮਾਂ ਨੂੰ ਸਵੀਕਾਰ ਕਰਨ ਲਈ ਇੱਕ ਆਨਲਾਈਨ ਪੋਰਟਲ, ਜਾਂ ਕੋਈ ਹੋਰ ਇਲੈਕਟ੍ਰਾਨਿਕ ਜਾਂ ਡਿਜ਼ੀਟਲ ਸਾਧਨ ਮੁਕੱਰਰ ਕਰ ਸਕਦੀ ਹੈ।

ਭਾਗ-VII

23. (1) ਇੱਕ ਅਧਿਕਾਰੀ, ਜਿਸ ਦਾ ਰੈਂਕ ਜ਼ਿਲ੍ਹਾ ਖਾਣ ਅਧਿਕਾਰੀ ਤੋਂ ਥੱਲੇ ਦਾ ਨਹੀਂ ਹੈ, ਕੋਲ ਕਿਸੇ ਵੀ ਕਰੱਸ਼ਰ ਯੂਨਿਟ ਜਾਂ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਦੇ ਅਹਾਤੇ ਵਿੱਚ ਦਾਖ਼ਲ ਹੋਣ ਅਤੇ ਕਿਸੇ ਵੀ ਦਸਤਾਵੇਜ਼ ਨੂੰ ਪਕੜਨ ਦੀ ਸ਼ਕਤੀ ਹੋਵੇਗੀ, ਜੋ ਉਸ ਦੀ ਰਾਏ ਵਿੱਚ ਇਸ ਐਕਟ ਦੇ ਉਪਬੰਧਾਂ ਦੀ ਕਿਸੇ ਵੀ ਖ਼ਿਲਾਫ਼ਵਰਜ਼ੀ ਨੂੰ ਸਾਬਤ ਕਰਨ ਜਾਂ ਸਾਬਤ ਕਰਨ ਵਿੱਚ ਸਹਾਇਤਾ ਕਰਨ ਲਈ ਸੰਭਾਵੀ ਹੈ ਅਤੇ ਇਸ ਤੋਂ ਬਾਅਦ ਮੁਕੱਰਰ ਰੂਪ ਵਿੱਚ ਇੱਕ ਪਕੜਨ ਮੀਮੋ ਤਿਆਰ ਕਰੇਗਾ। ਪਕੜਨ ਦੀ ਸ਼ਕਤੀ।

(2) ਇੱਕ ਅਧਿਕਾਰੀ, ਜਿਸ ਦਾ ਰੈਂਕ ਜ਼ਿਲ੍ਹਾ ਖਾਣ ਅਧਿਕਾਰੀ ਤੋਂ ਥੱਲੇ ਦਾ ਨਹੀਂ ਹੈ, ਕੋਲ, ਇੱਕ ਸੰਖੇਪ ਜਾਂਚ ਦੁਆਰਾ ਸਾਬਤ ਹੋਣ ਤੇ ਕਿਸੇ ਵੀ ਕਰੱਸ਼ਰ ਯੂਨਿਟ ਜਾਂ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਦੇ ਅਹਾਤੇ ਵਿੱਚ ਦਾਖ਼ਲ ਹੋਣ ਅਤੇ ਅਜਿਹੇ ਕਰੱਸ਼ਰ ਯੂਨਿਟ ਜਾਂ ਸਟਾਕਿਸਟ ਅਤੇ ਪਰਚੂਨ ਵਿਕਰੇਤਾ ਕੋਲ ਪਏ ਕਿਸੇ ਵੀ ਗੈਰ-ਕਾਨੂੰਨੀ ਤੌਰ ਤੇ ਹਾਸਲ ਕੀਤੇ ਗਏ ਛੋਟੇ ਖਣਿਜਾਂ ਅਤੇ/ਜਾਂ ਵਿਉਂਤਪੰਨ ਪਦਾਰਥਾਂ ਨੂੰ ਪਕੜਨ ਦੀ ਸ਼ਕਤੀ ਹੋਵੇਗੀ, ਅਤੇ ਇਸ ਤੋਂ ਬਾਅਦ ਇਸ ਨੂੰ ਖੁੱਲ੍ਹੇ ਬਾਜ਼ਾਰ ਵਿੱਚ

ਜਾਂ ਤਾਂ ਨਿਲਾਮੀ ਕਰਕੇ ਜਾਂ ਸਿੱਧੀ ਵਿਕਰੀ ਦੇ ਰਾਹੀਂ, ਇਨ੍ਹਾਂ ਵਸਤੂਆਂ ਲਈ ਸਰਕਾਰ ਦੁਆਰਾ ਅਧਿਸੂਚਿਤ ਵੱਧ ਤੋਂ ਵੱਧ ਵਿਕਰੀ ਕੀਮਤ ਤੇ ਨਿਪਟਾਰਾ ਕਰੇਗਾ, ਅਤੇ ਇਸ ਤੋਂ ਬਾਅਦ ਮੁਕੱਰਰ ਰੂਪ ਵਿੱਚ ਪਕੜਨ ਮੀਮੋ ਤਿਆਰ ਕਰੇਗਾ।

(3) ਇੱਕ ਅਧਿਕਾਰੀ ਜਿਸ ਦਾ ਰੈਂਕ ਜ਼ਿਲ੍ਹਾ ਖਾਣ ਅਧਿਕਾਰੀ ਤੋਂ ਥੱਲੇ ਦਾ ਨਹੀਂ ਹੈ, ਇਸ ਐਕਟ ਦੇ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਕਰਕੇ ਲਿਜਾਏ ਜਾ ਰਹੇ ਕਿਸੇ ਵੀ ਛੋਟੇ ਖਣਿਜ ਅਤੇ/ਜਾਂ ਵਿਉਂਤਪੰਨ ਪਦਾਰਥ ਨੂੰ ਅਪਰਾਧ ਕਰਨ ਵਿੱਚ ਵਰਤੇ ਜਾਣ ਵਾਲੇ ਕਿਸੇ ਵੀ ਔਜ਼ਾਰ, ਉਪਕਰਣ, ਆਵਾਜਾਈ ਵਾਹਨ ਅਤੇ ਅਜਿਹੀਆਂ ਹੋਰ ਚੀਜ਼ਾਂ ਦੇ ਨਾਲ ਪਕੜ ਸਕਦਾ ਹੈ, ਮੁਕੱਰਰ ਰੂਪ ਵਿੱਚ ਇੱਕ ਪਕੜਨ ਮੀਮੋ ਤਿਆਰ ਕਰੇਗਾ ਅਤੇ ਇਸ ਤੋਂ ਬਾਅਦ, ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ, ਇਨ੍ਹਾਂ ਨੂੰ ਖੁੱਲ੍ਹੀ ਨਿਲਾਮੀ ਰਾਹੀਂ ਖੁੱਲ੍ਹੇ ਬਾਜ਼ਾਰ ਵਿੱਚ ਵੇਚੇਗਾ ਅਤੇ ਵੱਟਕਾਂ ਨੂੰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਏਗਾ:

ਪਰੰਤੂ ਕਿਸੇ ਵੀ ਪਕੜੇ ਗਏ ਛੋਟੇ ਖਣਿਜ ਅਤੇ/ਜਾਂ ਵਿਉਂਤਪੰਨ ਪਦਾਰਥਾਂ ਨੂੰ ਇਹਨਾਂ ਵਸਤੂਆਂ ਲਈ ਸਰਕਾਰ ਦੁਆਰਾ ਅਧਿਸੂਚਿਤ ਵੱਧ ਤੋਂ ਵੱਧ ਵਿਕਰੀ ਕੀਮਤ ਤੇ ਸਿੱਧਾ ਵੇਚਿਆ ਜਾ ਸਕੇਗਾ:

ਪਰੰਤੂ ਹੋਰ ਕਿ ਲਿਜਾਈ ਜਾ ਰਹੀ ਸਮੱਗਰੀ ਦੇ ਗੈਰ-ਕਾਨੂੰਨੀ ਰੂਪ ਹੋਣ ਬਾਰੇ ਜਾਣਕਾਰੀ ਦੀ ਘਾਟ ਹੋਣ ਕਾਰਨ, ਨਿਲਾਮੀ ਕੀਤੇ ਜਾ ਰਹੇ ਕਿਸੇ ਵੀ ਆਵਾਜਾਈ ਵਾਹਨ ਦੇ ਮਾਲਕ ਜਾਂ ਨਿਲਾਮੀ ਕੀਤੇ ਜਾ ਰਹੇ ਛੋਟੇ ਖਣਿਜ ਅਤੇ/ਜਾਂ ਵਿਉਂਤਪੰਨ ਪਦਾਰਥਾਂ ਦੇ ਖਰੀਦਦਾਰ ਨੂੰ ਕਿਸੇ ਵੀ ਪ੍ਰਕਾਰ ਨਾਲ ਕੋਈ ਰਾਹਤ ਜਾਂ ਮੁਆਵਜ਼ਾ ਨਹੀਂ ਮਿਲੇਗਾ।

ਵਸੂਲੀ। 24. (1) ਨਿਰਧਾਰਕ ਅਥਾਰਟੀ ਕਿਸੇ ਵੀ ਕਰੱਸ਼ਰ ਯੂਨਿਟ ਤੋਂ ਵਸੂਲੀ ਜਾਣ ਵਾਲੀ ਸਰਕਾਰੀ ਦੇਣ ਯੋਗ ਰਕਮ ਨਿਰਧਾਰਤ ਕਰਦੇ ਹੋਏ ਮੁਕੱਰਰ ਰੂਪ ਵਿੱਚ ਨਿਰਧਾਰਣ ਹੁਕਮ ਪਾਸ ਕਰਨ ਲਈ ਸ਼ਕਤਵਾਨ ਹੋਵੇਗੀ:

ਪਰੰਤੂ ਕਰੱਸ਼ਰ ਮਾਲਕ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਅਜਿਹਾ ਕੋਈ ਵੀ ਹੁਕਮ ਪਾਸ ਨਹੀਂ ਕੀਤਾ ਜਾਵੇਗਾ।

(2) ਨਿਰਧਾਰਤ ਸਰਕਾਰੀ ਦੇਣ ਯੋਗ ਰਕਮ ਕਰੱਸ਼ਰ ਮਾਲਕ ਤੋਂ ਪੰਜਾਬ ਭੋਂ ਮਾਲੀਆ ਐਕਟ, 1887 (1887 ਦਾ ਪੰਜਾਬ ਐਕਟ 17) ਅਧੀਨ ਉਪਬੰਧਤ ਤਰੀਕੇ ਨਾਲ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀ ਯੋਗ ਹੋਵੇਗੀ।

(3) ਕੋਈ ਵੀ ਕਰੱਸ਼ਰ ਮਾਲਕ ਜਾਂ ਸਟਾਕਿਸਟ ਅਤੇ ਪਰਚੂਨ ਵਿਕਰੇਤਾ, ਜਿਸ ਕੋਲ ਗੈਰ-ਕਾਨੂੰਨੀ ਖਰੀਦ ਰਾਹੀਂ ਪ੍ਰਾਪਤ ਕੀਤੇ ਗਏ ਸਟਾਕ ਦਾ ਕਬਜ਼ਾ ਹੈ ਜਾਂ ਕਬਜ਼ਾ ਸੀ, ਵਿਵਰਣਾਂ ਵਿੱਚ ਅੰਤਰ ਜਾਂ ਕਿਸੇ ਹੋਰ ਤਰ੍ਹਾਂ ਸਾਬਤ ਹੋਵੇ, ਤਾਂ ਉਹ ਅਜਿਹੇ ਸਟਾਕ ਜਾਂ ਅਜਿਹੀ ਰਕਮ ਤੋਂ ਜਿਵੇਂ ਮੁਕੱਰਰ ਕੀਤਾ ਜਾਵੇ, ਸਮੇਂ ਸਮੇਂ ਤੇ ਸੋਧੇ ਪੰਜਾਬ ਛੋਟੇ ਖਣਿਜ ਨਿਯਮ, 2013 ਦੇ ਉਪਬੰਧਾਂ ਅਨੁਸਾਰ ਰਾਇਲਟੀ ਦੀ ਦੁੱਗਣੀ ਰਕਮ ਦੇ ਬਰਾਬਰ ਡੰਨ ਦੀ ਅਦਾਇਗੀ ਕਰਨ ਲਈ ਭਾਗੀ ਹੋਵੇਗਾ।

(4) ਨਿਰਧਾਰਤ ਸਰਕਾਰੀ ਦੇਣਯੋਗ ਰਕਮ ਹਮੇਸ਼ਾ ਕਰੱਸ਼ਰ ਯੂਨਿਟ ਨਾਲ ਲੱਗੀ ਰਹੇਗੀ ਅਤੇ ਕਰੱਸ਼ਰ ਯੂਨਿਟ ਦੇ ਅਰਜਨ ਦੀ ਵਿਧੀ ਦੇ ਬਿਨਾਂ ਲਿਹਾਜ਼ ਕੀਤੇ ਕਰੱਸ਼ਰ ਮਾਲਕਾਂ ਨੂੰ ਵਿਰਾਸਤ ਵਿੱਚ ਮਿਲੇਗੀ।

25. (1) ਜੋ ਕੋਈ ਵੀ ਇਸ ਐਕਟ ਅਧੀਨ ਕੋਈ ਲਾਭ ਪ੍ਰਾਪਤ ਕਰਨ ਲਈ ਡੰਨ। ਵਿਭਾਗ ਨੂੰ ਕੋਈ ਜਾਅਲੀ ਜਾਂ ਨਕਲੀ ਦਸਤਾਵੇਜ਼ ਦਿੰਦਾ ਹੈ, ਉਸ ਨੂੰ ਦੋਹਾਂ ਵਿੱਚੋਂ ਕਿਸੇ ਪ੍ਰਕਾਰ ਦੀ ਕੈਦ ਦੀ, ਜਿਸ ਦੀ ਅਉਧ ਛੇ ਮਹੀਨੇ ਤੱਕ ਹੋ ਸਕੇਗੀ, ਜਾਂ ਪੰਜਾਹ ਹਜਾਰ ਰੁਪਏ ਜੁਰਮਾਨੇ ਦੀ ਜਾਂ ਦੋਹਾਂ ਦੀ ਸਜ਼ਾ ਦਿੱਤੀ ਜਾਵੇਗੀ।

(2) ਜੋ ਕੋਈ ਵੀ ਕੋਈ ਜਾਅਲੀ, ਨਕਲੀ ਜਾਂ ਮਨਘੜਤ ਵਿਵਰਣ ਪੇਸ਼ ਕਰੇਗਾ, ਜਿਸ ਦਾ ਪ੍ਰਭਾਵ ਗੈਰ-ਕਾਨੂੰਨੀ ਖਾਣ ਪੁੱਟਣ ਜਾਂ ਗੈਰ-ਕਾਨੂੰਨੀ ਪ੍ਰੋਸੈਸਿੰਗ ਜਾਂ ਗੈਰ-ਕਾਨੂੰਨੀ ਖਰੀਦ ਦੇ ਕਿਸੇ ਵੀ ਕੰਮ ਨੂੰ ਛੁਪਾਉਣ ਦਾ ਹੋਵੇ, ਉਸ ਨੂੰ ਦੋਹਾਂ ਵਿੱਚੋਂ ਕਿਸੇ ਪ੍ਰਕਾਰ ਦੀ ਕੈਦ ਦੀ, ਜਿਸ ਦੀ ਅਉਧ ਛੇ ਮਹੀਨੇ ਤੱਕ ਹੋ ਸਕੇਗੀ, ਜਾਂ ਇੱਕ ਲੱਖ ਰੁਪਏ ਜੁਰਮਾਨੇ ਦੀ, ਜਾਂ ਦੋਹਾਂ ਦੀ ਸਜ਼ਾ ਦਿੱਤੀ ਜਾਵੇਗੀ।

(3) ਕਿਸੇ ਕਰੱਸ਼ਰ ਮਾਲਕ ਕੋਲ ਗੈਰ-ਕਾਨੂੰਨੀ ਖਾਣ ਪੁੱਟਣ ਰਾਹੀਂ ਪ੍ਰਾਪਤ ਸਟਾਕ ਮਿਲਣ ਤੇ ਉਸ ਨੂੰ ਖਾਣ ਅਤੇ ਖਣਿਜ (ਵਿਕਾਸ ਅਤੇ ਵਿਨਿਯਮ) ਐਕਟ, 1957 ਦੇ ਉਪਬੰਧਾਂ ਅਧੀਨ ਅਜਿਹੇ ਤਰੀਕੇ ਨਾਲ ਸਜ਼ਾ ਦਿੱਤੀ ਜਾਵੇਗੀ ਜਿਵੇਂ ਗੈਰ-ਕਾਨੂੰਨੀ ਖਾਣ ਪੁੱਟਣ ਕਰੱਸ਼ਰ ਮਾਲਕ ਦੁਆਰਾ ਕੀਤੀ ਗਈ ਹੋਵੇ।

(4) ਸਰਕਾਰ, ਆਪਣੇ ਵਿਵੇਕ ਅਨੁਸਾਰ, ਹਰੇਕ ਰਜਿਸਟਰਸ਼ੁਦਾ ਕਰੱਸ਼ਰ ਯੂਨਿਟ ਤੇ ਕਰੱਸ਼ਰ ਯੂਨਿਟਾਂ ਦੁਆਰਾ ਖੁਦ ਜਾਂ ਕਿਸੇ ਹੋਰ ਸਾਧਨਾਂ ਰਾਹੀਂ ਇੱਕ ਗੱਡੀ ਕੰਡਾ ਲਗਾਉਣ ਦਾ ਹੁਕਮ ਦੇ ਸਕਦੀ ਹੈ, ਅਤੇ ਇਸ ਦੀ ਪਾਲਣਾ ਨਾ ਕਰਨ ਤੇ ਡੰਨ ਮੁਕੱਰਰ ਕਰ ਸਕਦੀ ਹੈ।

(5) ਸਰਕਾਰ, ਕਰੱਸ਼ਰ ਯੂਨਿਟਾਂ ਅੰਦਰ ਜਨਰੇਟਰ ਸੈੱਟਾਂ ਜਾਂ ਡੀਜ਼ਲ ਜਨਰੇਟਰ (ਡੀ.ਜੀ.) ਸੈੱਟਾਂ ਦੀ ਵਰਤੋਂ ਤੇ ਪਾਬੰਦੀਆਂ ਲਗਾ ਸਕਦੀ ਹੈ, ਜਿਸ ਵਿੱਚ ਉਨ੍ਹਾਂ ਦੀ ਵਰਤੋਂ ਤੇ ਮਨਾਹੀ, ਉਨ੍ਹਾਂ ਦੀ ਵੱਧ ਤੋਂ ਵੱਧ ਸਮਰੱਥਾ ਤੇ ਸੀਮਾ ਨਿਰਧਾਰਨ, ਜਾਂ ਉਨ੍ਹਾਂ ਦੇ ਸੰਚਾਲਨ ਦੀ ਨਿਗਰਾਨੀ ਲਈ ਸਮਾਰਟ ਮੀਟਰਾਂ ਦਾ ਪਰਿਪਾਲਣ ਸ਼ਾਮਲ ਹੋ ਸਕਦਾ ਹੈ, ਅਤੇ ਇਸ ਦੀ ਪਾਲਣਾ ਨਾ ਕਰਨ ਤੇ ਡੰਨ ਮੁਕੱਰਰ ਕਰ ਸਕਦੀ ਹੈ।

ਭਾਗ-VIII

ਢਿੱਲ ਦੇਣ ਦੀ ਸ਼ਕਤੀ।

26. (1) ਸਰਕਾਰ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ ਇਸ ਐਕਟ ਦੇ ਕਿਸੇ ਵੀ ਉਪਬੰਧ ਵਿੱਚ ਢਿੱਲ ਦੇ ਸਕਦੀ ਹੈ।

(2) ਇਸ ਐਕਟ ਦੇ ਕਿਸੇ ਵੀ ਉਪਬੰਧਾਂ ਵਿੱਚ ਢਿੱਲ ਕਿਸੇ ਵੀ ਤਰੀਕੇ ਨਾਲ ਜੋ ਵੀ ਹੋਵੇ, ਇਸ ਐਕਟ ਦੇ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਲਈ ਕੋਈ ਰਾਹਤ ਨਹੀਂ ਚਾਹੇਗੀ ਜੋ ਪਹਿਲਾਂ ਹੀ ਹੋ ਚੁੱਕੀ ਹੈ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਸੁਰੱਖਿਆ।

27. ਇਸ ਐਕਟ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਵੀ ਕਾਰਵਾਈ ਲਈ ਵਿਭਾਗ ਜਾਂ ਵਿਭਾਗ ਦੇ ਕਿਸੇ ਅਧਿਕਾਰੀ ਵਿਰੁੱਧ ਕੋਈ ਮੁਕੱਦਮਾ ਜਾਂ ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

28. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦੋਂ ਉਹ ਚੌਦਾਂ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ

ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਉਸਦਾ ਕੋਈ ਪ੍ਰਭਾਵ ਨਹੀਂ ਹੋਵੇਗਾ, ਹਾਲਾਂਕਿ ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

29. (1) ਪੰਜਾਬ ਕਰੱਸ਼ਰ ਨੀਤੀ, 2023, ਇੱਥੇ ਨਿਰਸਤ ਕੀਤੀ ਜਾਂਦੀ ਹੈ। ਨਿਰਸਨ ਅਤੇ ਬਚਾਉ।

(2) ਇਸ ਐਕਟ ਦੇ ਨਾਫ਼ਜ਼ ਹੋਣ ਸਮੇਂ ਮੌਜੂਦਾ ਪੰਜਾਬ ਕਰੱਸ਼ਰ ਨੀਤੀ, 2023 ਅਧੀਨ ਕੋਈ ਵੀ ਵਸੂਲੀ ਦੀ ਕਾਰਵਾਈ, ਉਕਤ ਨੀਤੀ ਦੇ ਉਪਬੰਧਾਂ ਦੇ ਤਹਿਤ ਉਸੇ ਤਰੀਕੇ ਨਾਲ ਜਾਰੀ ਰਹੇਗੀ ਜਿਵੇਂ ਕਿ ਉਕਤ ਨੀਤੀ ਨੂੰ ਨਿਰਸਤ ਨਾ ਕੀਤਾ ਗਿਆ ਹੋਵੇ।

ਦੇਵਿੰਦਰ ਕੁਮਾਰ ਗੁਪਤਾ,
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3498/9-2025/Pb. Govt. Press, S.A.S. Nagar*